ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਹਰਿਮੰਦਰ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ

FEB 1992



ਫ਼ਰਵਰੀ ੧੯੯੨

ਇਸ ਪਵਿਤਰ ਅਸਥਾਨ ਤੇ ਸ਼ਹੀਦੀ ਸਾਕਾ ੨੬ ਜਨਵਰੀ ੧੯੨੧ ਨੂੰ ਵਰਤਿਆ।

www.AKJ.Org

# ਤਤਕਰਾ


| | | |
|---|---|---|
| ਫਲਗੁਣਿ ਨਿਤ ਸਲਾਹੀਐ | ੩ | ਬਾਰਹਮਾਹਾ ਮਾਝ ਮਹਲਾ ੫ |
| ,, ,, —ਅਰਥ ਵਿਆਖਿਆ | ੪ | — — |
| ਦਸਮ ਦੁਆਰ ਖੁਲ੍ਹਣ ਦੀਆਂ ਨਿਸ਼ਾਨੀਆਂ | ੭ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕੀਰਤਨ ਦੀ ਮਹੱਤਤਾ | ੧੪ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਟੂਟੀ ਗਾਢਨਹਾਰ ਗੁਪਾਲ | ੧੮ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਸੇਈ ਗੁਰਮੁਖਿ ਪਿਆਰੇ ਮੇਲਿ (੫) | ੨੨ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਮਾਸੁ ਮਾਸੁ ਕਰਿ ਮੂਰਖੁ ਝਗੜੇ | ੨੪ | 'ਸੂਰਾ' ਪਰਵਾਰ |
| ਪੰਜਾਬ ਦਾ ਮਸਲਾ—ਗੈਰ ਸਿੱਖਾਂ ਦਾ ਦ੍ਰਿਸ਼ਟੀਕੋਣ | ੨੯ | ਸ੍ਰੀ ਆਰ.ਐਸ. ਕੁਮਾਰ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੨) | ੩੨ | — — |
| 'ਗੁਰਮੁਖ' ਸ਼ਬਦ ਦੀ ਅਰਥ-ਵਿਆਖਿਆ | ੩੫ | — — |
| ਸ੍ਰੀ ਤਰਨ ਤਾਰਨ ਸਾਹਿਬ ਵਿਖੇ ਸ਼ਹੀਦੀ ਸਾਕਾ (੧) | ੩੭ | ਭਾਈ ਮੋਹਨ ਸਿੰਘ ਜੀ ਵੈਦ |
| ਭੂਰਿਆਂ ਵਾਲੇ ਰਾਜੇ ਕੀਤੇ (੨੩) | ੪੨ | ਕੈਪਟਿਨ ਸਵਰਨ ਸਿੰਘ ਜੀ |
| ਭਗਤ ਰਵਿਦਾਸ ਜੀ | ੪੬ | ਪ੍ਰਿੰ: ਕੁਲਦੀਪ ਸਿੰਘ ਜੀ 'ਹਉਰਾ' |
| ਤੀਰਥੁ ਉਦਮੁ ਸਤਿਗੁਰੂ ਕੀਆ | ੪੯ | ਭਾ: ਜੋਗਿੰਦਰ ਸਿੰਘ ਜੀ ਤਲਵਾੜਾ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਪ੍ਰਕਾਸ਼ ਦਿਵਸ ੧੬ ਫਰਵਰੀ

ਸੋਧ ਲਵੋ—ਪੰਨਾ ੪੧ ਹੇਠ ਪੜ੍ਹੋ [ਬਾਕੀ ਸਫ਼ਾ ੩੬ ਹੇਠ]

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੱਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩–ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ–੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੨.੯੨ ਨੂੰ ਪ੍ਰਕਾਸ਼ਤ ਕੀਤਾ।

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

| Foreign | Subscription |
|---|---|
| Sea Mail | 80-00 |
| Air Mail | 250-00 |

**ਅਮਾਨਤੀ**

**ਲਾਈਫ ਮੈਂਬਰ**

| | |
|---|---|
| ਦੇਸ | ੨੫੦-੦੦ |

**ਪਰਦੇਸ (ਸਾਰੇ)**

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੬ ਫ਼ਰਵਰੀ ੧੯੯੨ ਅੰਕ ੨

## ਫਲਗੁਣਿ ਨਿਤ ਸਲਾਹੀਐ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

[ਬਾਰਾਮਾਹ ਮਾਝ ਮਹਲਾ ੫



www.AKJ.Org

# ਫੱਗਣ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** :—ਫਲਗੁਣਿ—ਫੱਗਣ ਮਹੀਨੇ ਵਿਚ। ਉਪਾਰਜਨਾ—ਉਪਾਰਜਨ, ਉਪਜ। ਸਹਾਈ ਰਾਮ ਕੇ—ਪ੍ਰਭੂ ਨਾਲ ਮਿਲਾਉਣ ਲਈ ਸਹਾਇਕ। ਸੇਜ ਸੁਹਾਵੀ-ਹਿਰਦਾ ਰੂਪ ਸੇਜਾ ਸੁੰਦਰ (ਸ਼ੋਭਨੀਕ) ਹੋ ਜਾਂਦੀ ਹੈ। ਜਾਇ—ਥਾਂ ; ਇਛਾ, ਮਨੋ-ਕਾਮਨਾ। ਪੁਨੀ—ਪੂਰੀ ਹੋ ਗਈ। ਵਡਭਾਗਣੀ-ਵਡੇ ਭਾਗਾਂ ਵਾਲੀਆਂ ਜੀਵ-ਇਸਤ੍ਰੀਆਂ। ਵਰੁ—ਖਸਮ, ਪ੍ਰਭੂ। ਹਰਿ ਰਾਇ—ਹਰੀ ਰਾਜਾ, ਵਾਹਿਗੁਰੂ। ਸਹੀਆ—ਸਤਸੰਗਣ ਸਹੇਲੀਆਂ। ਮੰਗਲੁ—ਆਤਮ-ਅਨੰਦ ਦੇਣ ਵਾਲਾ ਹਰਿ-ਜਸ। ਗਾਵਹੀ—ਗਾਵਹੀਂ, ਗਾਵਹਿੰ, ਗਾਉਂਦੀਆਂ ਹਨ। ਅਲਾਇ—ਉਚਾਰ ਕੇ, ਅਲਾਪ ਕੇ। ਲਵੈ ਨ ਲਾਇ—ਨੇੜੇ ਨਹੀਂ ਢੁਕਦਾ, ਉਸ ਦੇ ਬਰਾਬਰ ਦਾ ਨਹੀਂ। ਹਲਤੁ ਪਲਤੁ—ਲੋਕ ਪਰਲੋਕ। ਸਵਾਰਿਓਨੁ—ਉਸ ਪ੍ਰਭੂ ਨੇ ਸਵਾਰ ਦਿਤਾ। ਨਿਹਚਲ—ਅਚੱਲ, ਅਡੋਲ, ਨਾ ਹਿਲਣ ਵਾਲੀ। ਦਿਤੀਅਨੁ—ਉਸ ਪ੍ਰਭੂ ਨੇ ਦਿਤੀ ਹੈ। ਜਾਇ—ਥਾਂ, ਅਵਸਥਾ। ਤੇ—ਤੋਂ। ਰਖਿਅਨੁ—ਉਸ ਪ੍ਰਭੂ ਨੇ ਰਖ ਲਏ। ਬਹੁੜਿ—ਫਿਰ। ਧਾਇ—ਧਾਈ, ਭਟਕਣਾ। ਤਿਲੁ—(ਅਰਬੀ) ਕਪਟ, ਧੋਖਾ, ਛਲ। ਤਮਾਇ—ਲਾਲਚ।

**ਅਰਥ** :-ਫਗਣ ਮਹੀਨੇ ਦੁਆਰਾ ਦਸਦੇ ਹਨ ਕਿ (ਉਨ੍ਹਾਂ ਜੀਵ-ਇਸਤ੍ਰੀਆਂ ਦੇ ਅੰਦਰ) ਆਤਮ-ਅਨੰਦ ਉਪਜਦਾ ਹੈ ਜਿਨ੍ਹਾਂ ਦੇ ਅੰਤਰ-ਆਤਮੇ ਸਜਣ ਪ੍ਰਭੂ ਜੀ ਆ ਬਿਰਾਜਦੇ ਹਨ। (ਸਤਸੰਗਤ ਵਿਚ ਜੁੜੇ) ਗੁਰਮੁਖ ਸਿਖ ਸੰਤ, ਪਰਮਾਤਮ-ਰਾਮ ਨੂੰ ਮਿਲਾਉਣ ਵਿਚ ਸਹਾਈ ਹੁੰਦੇ ਹਨ, ਅਤੇ ਸੰਤ-ਸਤਿਗੁਰੂ ਨੇ ਕਿਰਪਾ ਕਰ ਕੇ ਉਨ੍ਹਾਂ ਨੂੰ ਪ੍ਰਭੂ ਨਾਲ ਮਿਲਾ ਦਿਤਾ ਹੈ।

(ਸਤਿਗੁਰੂ ਦੇ ਬਖ਼ਸ਼ੇ ਨਾਮ ਦੀ ਸਿਮਰਨ-ਕਲਾ ਨਾਲ) ਉਨ੍ਹਾਂ ਦੇ ਹਿਰਦੇ ਰੂਪੀ ਸੇਜਾ ਅਤਿ ਸੁਹਾਵਣੀ ਹੋ ਜਾਂਦੀ ਹੈ, ਉਨ੍ਹਾਂ ਨੂੰ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ ਅਤੇ ਇਸ ਅਲੌਕਿਕ ਦਸ਼ਾ ਵਿਚ ਉਨ੍ਹਾਂ ਦੇ ਹਿਰਦੇ ਵਿਚ ਦੁਖਾਂ ਲਈ ਕੋਈ ਥਾਂ ਨਹੀਂ ਰਹਿੰਦੀ। ਉਨ੍ਹਾਂ ਵਡਭਾਗਣਾਂ (ਜੀਵ-ਇਸਤ੍ਰੀਆਂ ਦੀ ਦਰਸ਼ਨ-ਮਿਲਾਪ) ਦੀ ਲੋਚਾ ਪੂਰੀ ਹੋ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਹਰੀ-ਰਾਜਾ (ਪ੍ਰਭੂ) ਵਰ ਪ੍ਰਾਪਤ ਕਰ ਲਿਆ ਹੁੰਦਾ ਹੈ।

(ਪ੍ਰਭੂ-ਪ੍ਰਾਪਤੀ ਹੋ ਕੇ) ਗੁਰਮੁਖ ਸਖੀ ਸਹੇਲੀਆਂ ਨਾਲ ਮਿਲ ਕੇ ਉਹ, ਆਤਮ-ਅਨੰਦ ਦੇਣ ਵਾਲਾ ਹਰਿ-ਜਸ ਰੂਪੀ ਮੰਗਲ ਗਾਂਦੀਆਂ ਹਨ ਅਤੇ ਗੋਬਿੰਦ ਪ੍ਰਭੂ ਦੇ ਗੀਤ ਗੁਰਬਾਣੀ ਰੂਪ ਵਿਚ ਅਲਾਪਦੀਆਂ ਹਨ। ਉਨ੍ਹਾਂ ਰੰਗ-ਰਤੀਆਂ ਜੀਵ-ਇਸਤ੍ਰੀਆਂ ਨੂੰ ਹਰੀ-ਪ੍ਰਭੂ ਵਰਗਾ ਹੋਰ ਕੋਈ ਦਿਸਦਾ ਹੀ ਨਹੀਂ, ਕੋਈ ਦੂਜਾ ਹਰੀ-ਪ੍ਰਭੂ ਦੀ ਬਰਾਬਰੀ ਦਾ ਜਾਪਦਾ ਹੀ ਨਹੀਂ।

ਵਾਹਿਗੁਰੂ ਨੇ ਉਨ੍ਹਾਂ ਜੀਵਾਂ ਦਾ ਲੋਕ ਪਰਲੋਕ ਸਵਾਰ ਦਿਤਾ ਹੈ ਅਤੇ ਉਨ੍ਹਾਂ ਨੂੰ ਅਡੋਲ ਅਵਸਥਾ ਬਖਸ਼ ਦਿਤੀ ਹੈ। ਵਾਹਿਗੁਰੂ ਨੇ ਸੰਸਾਰ-ਸਮੁੰਦਰ (ਦੇ ਸੰਕਲਪਾਂ ਵਿਕਲਪਾਂ) ਤੋਂ (ਹੱਥ ਦੇ ਕੇ) ਉਹ ਜੀਵ ਰਖ ਲਏ ਹਨ। ਮੁੜ ਗਰਭ-ਜੂਨੀਆਂ ਦੇ ਜੰਮਣ (ਮਰਨ ਦੇ ਗੇੜ) ਵਲ ਉਹ ਧਾਈ ਨਹੀਂ ਕਰਦੇ। ਭਾਵ, ਉਨ੍ਹਾਂ ਦੇ ਜਨਮ-ਮਰਨ ਦੇ ਗੇੜ ਮਿਟ ਜਾਂਦੇ ਹਨ।

'ਨਾਨਕ' (ਮੁਹਰ-ਛਾਪ ਹੇਠ ਸਤਿਗੁਰੂ ਜੀ ਫ਼ੁਰਮਾਂਦੇ ਹਨ) ਕਿ ਸਾਡੀ ਜੀਭ ਇਕ ਹੈ, ਪਰ ਉਸ ਵਾਹਿਗੁਰੂ ਦੇ ਗੁਣਾਂ ਦਾ ਅੰਤ ਕੋਈ ਨਹੀਂ। ਜਿਹੜੇ ਪ੍ਰਾਣੀ ਉਸ ਵਾਹਿਗੁਰੂ ਦੀ ਚਰਨੀਂ ਲਗਦੇ ਹਨ, ਉਸ ਦਾ ਨਾਮ ਸਿਮਰਦੇ ਹਨ, ਉਹ (ਇਸ ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ। (ਤਾਂ ਤੇ) ਫਲਗੁਣ ਮਹੀਨੇ ਦੁਆਰਾ (ਇਹੋ ਉਪਦੇਸ਼ ਹੈ ਕਿ) ਉਸ ਵਾਹਿਗੁਰੂ ਨੂੰ ਨਿਤਪ੍ਰਤਿ ਹਰ ਵੇਲੇ ਹੀ ਸਲਾਹੁੰਦੇ ਰਹੀਏ, ਸਦਾ ਹੀ ਉਸ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਰਹੀਏ, ਜਿਸ ਵਾਹਿਗੁਰੂ ਨੂੰ ਨਾ ਕੋਈ ਛਲ-ਫ਼ਰੇਬ ਹੈ ਅਤੇ ਨਾ ਹੀ ਕੋਈ ਤਮ੍ਹਾ-ਲਾਲਚ।

**ਵਿਆਖਿਆ** :—ਫੱਗਣ ਮਹੀਨੇ ਵਿਚ ਹਿੰਦੂ ਲੋਕ ਹੋਲੀਆਂ ਮਨਾਂਦੇ ਹੋਏ, ਇਕ ਦੂਜੇ ਤੇ ਲਾਲ ਗੁਲਾਲ ਰੰਗ ਸੁਟ ਸੁਟ ਕੇ ਖ਼ੁਸ਼ੀਆਂ ਮਨਾਂਦੇ ਅਤੇ ਲੁਡੀਆਂ ਪਾਂਦੇ ਹਨ। ਪਰ ਇਹ ਦੁਨੀਆਵੀ ਹਾਸੇ-ਖੇਡੇ



www.AKJ.Org

ਨਿਰੀ ਮਨਮਤਿ ਹੁੰਦੀ ਹੈ ਅਤੇ ਦਿਨੂੰ ਨੂੰ ਅਜਿਹੇ ਸਮੇਂ ਪ੍ਰਭੂ-ਪ੍ਰੀਤਮ ਬਿਲਕੁਲ ਭੁਲਿਆ ਹੋਇਆ ਹੁੰਦਾ ਹੈ। ਉਹ ਅਗਿਆਨ ਵਿਚ ਫਸੇ ਹੋਏ ਫੋਕੀਆਂ ਰੰਗ-ਰਲੀਆਂ ਵਿਚ ਉਲਝ ਕੇ ਆਪਣਾ ਜੀਵਨ ਅਜਾਈਂ ਗੁਆ ਰਹੇ ਹੁੰਦੇ ਹਨ।

ਸਤਿਗੁਰੂ ਜੀ ਫਗਣ ਮਹੀਨੇ ਦੁਆਰਾ ਗੁਰਮੁਖਾਂ ਦੀ ਹੋਲੀ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦਾ ਨਾਮ-ਸਿਮਰਨ ਵਿਚ ਸਦਾ ਜੁਟੇ ਰਹਿਣ ਦਾ ਅਨੰਦ ਇਸ ਮਹੀਨੇ ਦੀਆਂ ਤੁਕਾਂ ਰਾਹੀਂ ਵਰਨਣ ਕਰਦੇ ਹਨ ਕਿ ਗੁਰਮੁਖ, ਗੁਰੂ ਕੇ ਹਜ਼ੂਰੀਏ ਆਗਿਆਕਾਰੀ ਅਤੇ ਨਿਰਮਾਣ ਸਨਮੁਖ ਗੁਰਸਿਖਾਂ ਦੀ ਨਾਮ ਸਿਮਰਨ ਦੀ ਅਤੁਟ ਕਮਾਈ ਸਦਕਾ ਵਾਹਿਗੁਰੂ ਜੀ ਉਨ੍ਹਾਂ ਦੇ ਅੰਤਰ-ਆਤਮੇ ਆ ਪ੍ਰਕਾਸ਼ਮਾਨ ਹੁੰਦੇ ਹਨ, ਜਿਸ ਕਰਕੇ ਉਨ੍ਹਾਂ ਦੇ ਅੰਦਰ ਅਨੰਦ-ਮੰਗਲ ਦਾ ਖੇੜਾ ਖਿੜ ਜਾਂਦਾ ਹੈ। ਸੰਤਾਂ ਗੁਰਮੁਖਾਂ ਦੀ ਸੰਗਤ ਦੀ ਸਹਾਇਤਾ ਨਾਲ ਸਤਿਗੁਰੂ ਉਨ੍ਹਾਂ ਤੇ ਮਿਹਰਬਾਨ ਹੁੰਦਾ ਹੈ ਅਤੇ ਉਨ੍ਹਾਂ ਨੂੰ ਵਾਹਿਗੁਰੂ ਜੀ ਨਾਲ ਮਿਲਾ ਦਿੰਦਾ ਹੈ। ਨਾਮ-ਰਤੇ ਗੁਰਸਿੱਖਾਂ ਦਾ ਜਦ ਪ੍ਰਭੂ ਨਾਲ ਮਿਲਾਪ ਹੁੰਦਾ ਹੈ ਤਾਂ ਹਿਰਦੇ ਰੂਪੀ ਸੇਜਾ ਅਤਿ ਸੁਭਾਇਮਾਨ ਹੋ ਜਾਂਦੀ ਹੈ ਅਤੇ ਸੁਖਾਂ ਦੇ ਭੰਡਾਰ ਖੁਲ੍ਹ ਜਾਂਦੇ ਹਨ, ਕੋਈ ਦੁਖ ਤਾਂ ਉਥੇ ਨੇੜੇ ਵੀ ਨਹੀਂ ਫਟਕ ਸਕਦਾ, ਕਿਉਂਕਿ ਉਨ੍ਹਾਂ ਦੇ ਮੁਖ ਤੋਂ ਗੁਰਬਾਣੀ ਇਉਂ ਅਲਾਪੀ ਜਾ ਰਹੀ ਹੁੰਦੀ ਹੈ—

ਮੇਰੀ ਸੇਜੜੀਐ ਆਡੰਬਰੁ ਬਣਿਆ ॥ ਮਨਿ ਅਨਦੁ ਭਇਆ ਪ੍ਰਭੁ ਆਵਤੁ ਸੁਣਿਆ ॥<br>
ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਉ ਮੰਗਲ ਰਸ ਭਰੇ ॥<br>
ਅੰਗ ਸੰਗ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥<br>
ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥<br>
ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ ॥੨॥੧੦॥ (੪੫੯)

ਅਤੇ— ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥੪॥੫॥ (੮੦੩)<br>
ਅਤੇ— ਸੇਜ ਸੁਹਾਵੀ ਰਸਿ ਬਨੀ ॥ ਆਇ ਮਿਲੇ ਪ੍ਰਭ ਸੁਖ ਧਨੀ ॥੩॥੧੪॥ (੧੧੮੪)<br>
ਅਤੇ— ਸੇਜ ਸੁਹਾਵੀ ਸੰਗਿ ਪ੍ਰਭ ਕੈ ਆਪਣੇ ਪ੍ਰਭ ਕਰਿ ਲਏ ॥੪॥੫॥੮॥ (੫੪੭)

ਫਿਰ ਐਸੇ ਗੁਰਮੁਖ ਸੰਤ ਆਪਣੇ ਸੰਗੀ ਸਾਥੀ ਗੁਰਸਿੱਖਾਂ ਦੀ ਸੰਗਤ ਵਿਚ ਮਿਲ ਕੇ ਅਨੰਦ ਮੰਗਲ ਦੇ ਸੋਹਿਲੇ ਗਾਉਂਦੇ, ਗੁਰਬਾਣੀ ਦੀਆਂ ਗੂੰਜਾਂ ਗੁੰਜਾਉਂਦੇ ਹੋਏ ਨਾਮ ਸਿਮਰਨ ਦੇ ਰੰਗ ਮਾਣਦੇ ਹਨ। ਪ੍ਰਭੂ-ਮਿਲਾਪ ਦਾ ਅਨੰਦ ਮਾਣ ਰਹੇ ਆਪਣੇ ਗੁਰਸਿੱਖ ਮਿੱਤਰਾਂ ਨੂੰ ਪ੍ਰੇਮ ਸੁਨੇਹੜੇ ਭੇਜਦੇ ਅਤੇ ਜੁੜ ਬੈਠ ਕੇ ਅਨੰਦ ਮਾਨਣ ਲਈ ਇਉਂ ਤਰਲੇ ਲੈਂਦੇ ਹਨ—

ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥<br>
ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥<br>
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥<br>
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥<br>
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥੨॥ (੭੬੪)

ਅੰਮ੍ਰਿਤ ਰਸ ਭੁੰਚ ਰਹੇ ਅਤੇ ਪ੍ਰਭੂ-ਮਿਲਾਪ ਦਾ ਅਨੰਦ ਮਾਣ ਰਹੇ ਇਹਨਾਂ ਗੁਰਸਿੱਖਾਂ ਨੂੰ ਵਾਹਿਗੁਰੂ ਜੀ ਵਰਗਾ ਹੋਰ ਕੁਝ ਵੀ ਨਹੀਂ ਦਿਸਦਾ, ਦੁਨੀਆ ਦੇ ਸਭ ਰੰਗ-ਤਮਾਸ਼ੇ ਅਤੇ ਵਿਸ਼ੇ ਵਿਕਾਰਾਂ ਦੇ ਰਸ ਉਨ੍ਹਾਂ ਨੂੰ ਬੇਸੁਆਦੇ ਤੇ ਫਿਕੇ ਲਗਦੇ ਹਨ। ਮਾਇਆ ਦੇ ਅਨਿਕ ਪ੍ਰਕਾਰੀ ਰੰਗਾਂ ਦੇ ਚਮਤਕਾਰ ਉਨ੍ਹਾਂ ਦੇ ਨੇੜੇ ਨਹੀਂ ਢੁਕ ਸਕਦੇ।

ਗੁਰੂ-ਵਾਹਿਗੁਰੂ ਐਸੇ ਨਾਮ-ਰੰਗ-ਰਸ-ਰਤੇ ਗੁਰਸਿੱਖਾਂ ਦੇ ਲੋਕ ਪਰਲੋਕ ਸਵਾਰ ਦਿੰਦੇ ਹਨ ਅਤੇ ਉਨ੍ਹਾਂ ਨੂੰ ਅਚੱਲ ਤੇ ਅਡੋਲ ਪਦਵੀ ਦਾ ਟਿਕਾਣਾ ਬਖਸ਼ ਦਿੰਦੇ ਹਨ। ਉਨ੍ਹਾਂ ਨੂੰ ਭਿਆਨਕ ਸੰਸਾਰ-ਸਮੁੰਦਰ ਦੇ ਹਲਿਆਂ



www.AKJ.Org

ਤੋਂ ਬਚਾ ਲੈਂਦੇ ਹਨ ਅਤੇ ਉਨ੍ਹਾਂ ਦੇ ਜਨਮ-ਮਰਨ ਦੇ ਗੇੜ ਖ਼ਤਮ ਕਰ ਦਿੰਦੇ ਹਨ।

ਜਿਸ ਪ੍ਰਭੂ ਦੇ ਬੇਅੰਤ ਗੁਣਾਂ ਨੂੰ ਸਾਡੀ ਇਕ ਜੀਭ ਕਥਨ ਨਹੀਂ ਕਰ ਸਕਦੀ, ਉਸ ਪ੍ਰਭੂ ਨੂੰ ਸਿਮਰ-ਸਿਮਰ ਕੇ ਉਹ ਸੰਸਾਰ-ਸਾਗਰ ਤੋਂ ਤਰ ਜਾਂਦੇ ਹਨ। ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਜਿਥੇ ਕੋਈ ਕਪਟ ਨਹੀਂ, ਧੋਖਾ ਨਹੀਂ, ਕੋਈ ਲਾਲਚ ਨਹੀਂ, ਐਸੇ ਪ੍ਰਭੂ ਨੂੰ ਦਿਨ ਰਾਤ ਸਲਾਹ ਕੇ ਫਗਣ ਮਹੀਨੇ ਨੂੰ ਸਫਲ ਕੀਤਾ ਜਾਏ। ਅਤੇ ਇਉਂ ਪ੍ਰਭੂ ਦੇ ਗੁਣ ਗਾ ਗਾ ਕੇ ਗੁਰਸਿਖਾਂ ਸੰਤਾਂ ਦੀ ਸੇਵਾ ਕਮਾ ਕੇ, ਪ੍ਰਕਾਸ਼-ਰੂਪ ਵਾਹਿਗੁਰੂ-ਨਾਮ ਦੇ ਗੂੜ੍ਹੇ ਰੰਗ ਚੜ੍ਹਾ ਕੇ ਸੱਚੀ ਹੋਲੀ ਮਨਾਉਣੀ ਹੀ ਗੁਰਸਿੱਖਾਂ ਨੂੰ ਸੋਭਦੀ ਹੈ—

ਗੁਰ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ (੧੧੮੦)

**ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥**
**ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥**
**ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥**
**ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥**
**ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥**
**ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥**
**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥**

**ਪਦ ਅਰਥ** :—ਜਿਨਿ ਜਿਨਿ—ਜਿਸ ਜਿਸ ਨੇ। ਸਰੇ—ਸਿਰੇ ਚੜ੍ਹ ਗਏ, ਪੂਰੇ ਹੋ ਗਏ। ਦਰਗਹ ਸਚਿ—ਵਾਹਿਗੁਰੂ ਦੀ ਸਚੀ ਦਰਗਾਹ ਵਿਚ। ਖਰੇ—ਸ਼ੁਧ, ਚੰਗੇ, ਸੁਰਖ਼ਰੂ, ਪਰਵਾਨ। ਨਿਧਿ—ਨਿਧੀ, ਖ਼ਜ਼ਾਨਾ। ਭਉਜਲੁ ਬਿਖਮੁ—ਔਖਾ ਤਰਿਆ ਜਾਣ ਵਾਲਾ ਸੰਸਾਰ-ਸਮੁੰਦਰ। ਤਿਨ—ਤਿਨ੍ਹਾਂ ਨੇ। ਪਾਈਆ—ਪਾਈ ਹੈ। ਬਿਖਿਆ—ਮਾਇਆ। ਜਰੇ—ਸੜਦੇ। ਕੂੜ—ਝੂਠੇ ਪਦਾਰਥ। ਦੁਬਿਧਾ—ਦੁਚਿੱਤਾ-ਪਣ, ਦਵੈਤਾ। ਸਚਿ—ਸੱਚੇ ਪ੍ਰਭੂ ਵਿਚ। ਭਰੇ—ਭਰਪੂਰ, ਟਿਕਦੇ ਹਨ। ਮਾਹ ਦਿਵਸ—ਮਹੀਨੇ ਤੇ ਦਿਹਾੜੇ। ਮੂਰਤ—ਮੁਹੂਰਤ।

**ਅਰਥ** : ਜਿਸ ਜਿਸ ਪ੍ਰਾਣੀ ਨੇ ਨਾਮ ਸਿਮਰਿਆ ਹੈ, ਉਨ੍ਹਾਂ ਦੇ ਸਾਰੇ ਕਾਰਜ ਨੇਪਰੇ ਚੜ੍ਹ ਜਾਂਦੇ ਹਨ। ਜਿਨ੍ਹਾਂ ਨੇ ਪੂਰੇ ਗੁਰੂ-ਪਰਮੇਸ਼ਰ ਨੂੰ ਅਰਾਧਿਆ ਹੈ ਉਹ ਵਾਹਿਗੁਰੂ ਦੀ ਦਰਗਾਹ ਵਿਚ ਪਰਵਾਨ ਹੁੰਦੇ ਹਨ। ਹਰੀ ਪ੍ਰਭੂ ਦੇ ਚਰਨ, ਭਾਵ, ਨਾਮ-ਸਿਮਰਨ ਹੀ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ, ਜਿਸ ਦੇ ਤੁਫ਼ੈਲ ਔਖੇ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਨੂੰ ਉਹ ਤਰ ਜਾਂਦੇ ਹਨ। ਉਨ੍ਹਾਂ ਨੇ ਵਾਹਿਗੁਰੂ ਦੀ ਪ੍ਰੇਮਾ-ਭਗਤੀ ਪਾ ਲਈ ਹੁੰਦੀ ਹੈ, ਜਿਸ ਕਰਕੇ ਮਾਇਕ ਤ੍ਰਿਸ਼ਨਾ ਦੀ ਅਗਨੀ ਵਿਚ ਉਹ ਸੜਦੇ ਨਹੀਂ। ਉਨ੍ਹਾਂ ਦੇ ਅੰਦਰੋਂ ਬਿਨਸਨਹਾਰ ਪਦਾਰਥਾਂ ਦੇ ਲਾਲਚ ਦੂਰ ਹੋ ਜਾਂਦੇ ਹਨ ਅਤੇ ਦਵੈਤਾ ਮੁਕ ਜਾਂਦੀ ਹੈ, ਸਗੋਂ ਉਨ੍ਹਾਂ ਦੇ ਹਿਰਦੇ ਪੂਰਨ ਤੌਰ ਤੇ ਸੱਚੇ ਵਾਹਿਗੁਰੂ ਨਾਲ ਭਰਪੂਰ ਰਹਿੰਦੇ ਹਨ। ਉਹ ਮਨ ਵਿਚ ਇਕ ਪ੍ਰਭੂ ਨੂੰ ਵਸਾ ਕੇ ਉਸ ਪਾਰਬ੍ਰਹਮ ਪ੍ਰਭੂ ਨੂੰ ਹੀ ਸਿਮਰਦੇ ਰਹਿੰਦੇ ਹਨ।

ਜਿਸ (ਵਿਰਲੇ ਤੇ) ਪ੍ਰਭੂ ਆਪਣੀ ਕਿਰਪਾ-ਦ੍ਰਿਸ਼ਟੀ, ਮਿਹਰ ਦੀ ਨਜ਼ਰ ਕਰਦਾ ਹੈ, ਉਸ ਦੇ ਸਾਰੇ ਮਹੀਨੇ, ਸਾਰੇ ਦਿਨ ਅਤੇ ਸਾਰੇ ਮੁਹੂਰਤ ਸ਼ੋਭਨੀਕ ਹਨ। ਹੇ ਹਰੀ ਪ੍ਰਭੂ ! ਮੇਰੇ ਤੇ ਕਿਰਪਾ ਕਰ ਅਤੇ ਮੈਨੂੰ ਨਾਨਕ ਨੂੰ ਆਪਣੇ ਦਰਸ਼ਨਾਂ ਦਾ ਦਾਨ ਬਖ਼ਸ਼ ਜੀ।



www.AKJ.Org

# ਦਸਮ ਦੁਆਰ ਖੁਲ੍ਹਣ ਦੀਆਂ ਨਿਸ਼ਾਨੀਆਂ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

੧. ਅੰਮ੍ਰਿਤ ਧਾਰ, ੨. ਅਨਹਦ ਧੁਨੀ

ਦਸਮ ਦੁਆਰ ਖੁਲ੍ਹਣ ਦੀਆਂ ਦੋ ਪੱਕੀਆਂ ਨਿਸ਼ਾਨੀਆਂ ਹਨ : ਇਕ ਤਾਂ ਇਹ ਕਿ ਅੰਮ੍ਰਿਤ ਧਾਰ ਅਤਿ ਨਿਰਮਲ ਚੋਣ ਲੱਗ ਪੈਂਦੀ ਹੈ। ਦੂਜੇ ਅਤਿ ਅਚਰਜ ਸੁਆਦ ਵਾਲੀ ਧੁਨੀ ਦਾ ਬਿਸਮਾਦ ਰੰਗਾਂ ਵਾਲਾ ਅਗੰਮੀ ਨਾਦ ਸੁਣਨ ਲੱਗ ਪੈਂਦਾ ਹੈ। ਇਹ ਦੋਈ ਆਤਮ-ਅਨੰਦੀ ਘਟਨਾਵਾਂ ਤੱਤ ਲਖਤਾਵੀ ਤੱਤ ਵਾਪਰਨੀਆਂ ਪ੍ਰਤੱਖ ਪੇਖਣ ਸੁਣਨ ਵਿਚ ਆਈਆਂ ਤੇ ਆਉਣ ਯੋਗ ਸੁਹਜ ਬਿਵਸਥਾਵਾਂ ਹਨ। ਕੋਈ ਖ਼ਿਆਲੀ ਤੇ ਕਿਆਸੀ ਕਿਆਫ਼ੇ ਨਹੀਂ। ਕਾਇਆਂ-ਗੜ੍ਹ-ਕੋਟ-ਮਹਿਲ-ਮੰਦਰ-ਘਰ ਅੰਦਰ ਸਾਂਗੋ ਪਾਂਗ ਵਾਪਰੇ ਸੰਵਾਪਰੇ ਜਾਗ੍ਰਤ ਸਾਵਧਾਨਤਾ ਦੇ ਸਾਖਸ਼ਾਤ ਕੀਤੇ ਪ੍ਰਤੱਖ ਨਜ਼ਾਰੇ ਹਨ। ਗੁਰਮਤਿ ਨਾਮ ਦੀ ਅਤੁਟ ਕਮਾਈ ਦੇ ਪ੍ਰਭਾਵ ਕਰ ਜਦੋਂ "ਉਲਟਿਓ ਕਮਲੁ ਬ੍ਰਹਮੁ ਬੀਚਾਰਿ"* ਵਾਲਾ ਅੰਕੂਰ ਸਫੁਟ ਹੁੰਦਾ ਹੈ ਤਦੋਂ "ਅੰਮ੍ਰਿਤ ਧਾਰ ਗਗਨਿ ਦਸ ਦੁਆਰ"* ਵਾਲਾ ਝਰਨਾ ਝਰਦਾ ਹੈ ਅਤੇ "ਅੰਮ੍ਰਿਤ ਭੋਜਨੁ ਕਰੇ ਅਹਾਰੀ"† ਦਾ ਪਰਚਾ ਪੈਂਦਾ ਹੈ। ਅਤੇ "ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ"** ਰੂਪੀ ਤੱਤ ਰਸ ਗਿਆਨ ਵਿਚਾਰ ਵਾਲੇ ਸਹਜ ਪਦ ਦਾ ਜ਼ਹੂਰ ਹੁੰਦਾ ਹੈ। ਇਹ ਸਾਰੀ ਚਲਿਤ-ਕਉਤਕੀ ਖੇਡ ਕਾਇਆਂ ਅੰਦਰ ਹੀ ਹਸਤਾਮਲ ਵਤ ਵਰਤਦੀ ਹੈ। ਬਾਹਯਮੁਖੀ ਚਲਿਤ ਵਰਤਾਰਿਆਂ ਤੋਂ ਤਾਂ ਕੋਈ ਮੁਨਕਰ ਹੋ ਸਕਦਾ ਹੈ, ਪਰ ਘਟ ਅੰਤਰ ਵਾਪਰੇ ਕਾਇਆ ਨਗਰ ਨਿਕਟਾਪਰੇ ਸਾਕਸ਼ਾਤ-ਕਾਰਿਆਂ ਨੂੰ ਕਿੰਤੂ ਹੋ ਹੀ ਨਹੀਂ ਸਕਦਾ। ਤਿਨ੍ਹਾਂ ਨੂੰ ਹੀ ਇਹ ਖੇਡ ਓਪਰੀ ਲਗਦੀ ਹੈ ਜਿਨ੍ਹਾਂ ਨੇ ਕਾਇਆਂ ਦੇਹੀ ਅੰਦਰ ਸੱਚਾ ਰਸ ਜੋਤਿ ਪ੍ਰਕਾਸ਼ ਅਨੰਦ ਦਾ ਲਹਿਰਾ ਨਹੀਂ ਮਾਣਿਆ ਹੁੰਦਾ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਕਰਨ-ਹਾਰਿਆਂ ਨੂੰ ਹੀ ਇਹ ਲਹਿਰੇ ਪ੍ਰਾਪਤ ਹਨ। ਤਿਨ੍ਹਾਂ ਦੀ ਕਾਇਆਂ ਅੰਮ੍ਰਿਤ-ਰਸ ਨਾਲ ਸਰਸ਼ਾਰ ਹੁੰਦੀ ਹੈ। ਉਹ ਅੰਮ੍ਰਿਤ ਰਸ ਦੇ ਗਟਾਕ ਘਟ ਅੰਤਰੇ ਹੀ ਭੁੰਚਦੇ ਰਹਿੰਦੇ ਹਨ। ਉਨ੍ਹਾਂ ਦੇ ਘਟ ਅੰਦਰੋਂ ਹੀ ਖੂਹਟਾ ਅੰਮ੍ਰਿਤ ਭਰਿਆ ਉਮਡ ਉਮਡ ਪੈਂਦਾ ਹੈ। ਰਸ ਜੋਤਿ ਪ੍ਰਕਾਸ਼ ਦੀਆਂ ਕਿਰਨਾਂ ਅਭਿਆਸੀ ਜਨ ਦੀ ਕਾਇਆਂ ਨੂੰ ਕੰਚਨ ਵੰਨੀ ਕਰ ਦਿੰਦੀਆਂ ਹਨ। ਨਾਮ ਰਤੰਨੀ ਜੋਤਿ ਜਗੰਨੀ ਕੰਚਨ ਕਾਇਆਂ ਅੰਦਰ ਇਕ ਆਕ੍ਰਖਣ ਕਲਾ ਉਤਪੰਨ ਹੋ ਜਾਂਦੀ ਹੈ, ਜੋ ਪੇਖਣ-ਹਾਰਿਆਂ ਨੂੰ ਭੀ ਖਿਚਦੀ ਹੈ। ਇਸ ਦੇ ਕਾਰਨ ਕਾਇਆਂ ਅਤੀ ਸੁਹਾਵਣੀ ਤੇ ਪਿਆਰੀ ਲਗਦੀ ਹੈ—

ਕਾਇਆ ਕੰਚਨੁ ਸਬਦੇ ਰਾਤੀ ਸਾਚੈ ਨਾਇ ਪਿਆਰੀ ॥੧੮॥
ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥੧੯॥ [ਰਾਮਕਲੀ ਮ: ੩, ਪੰਨਾ ੯੧੧

ਕਾਇਆਂ ਅੰਦਰੇ ਅੰਮ੍ਰਿਤ ਦੇ ਗਟਾਕ ਭੁੰਚਣੇ ਹਨ, ਪਰ 'ਪਾਈਐ ਸਬਦਿ ਵੀਚਾਰੀ" ਦਾ ਕਲਾ-ਕ੍ਰਿਸ਼ਮੀ ਕਉਤਕ ਵਰਤਿਆਂ ਭੁੰਚਣੇ ਹਨ। ਸ਼ਬਦ ਗੁਰਮੰਤ੍ਰ ਦੀ ਪਾਰਸ-ਕਮਾਈ ਦੀ ਰਸਾਇਣੀ ਕਲਾ ਵਰਤਿਆਂ ਹੀ ਕਾਇਆਂ ਅੰਮ੍ਰਿਤ-ਰਸ ਨਾਲ ਸਰਸ਼ਾਰ ਹੋ ਕੇ ਭਰਪੂਰ ਰਹਿੰਦੀ ਹੈ। ਇਹ ਡਲ੍ਹਕਾਊ ਡੱਕੋ ਡੱਕ ਭਰਪੂਰ ਸਦਾ ਲਬਰੇਜ਼ ਹੋ ਕੇ ਭਰਪੂਰ ਰਹਿੰਦਾ ਹੈ ਅਤੇ ਤਦੇ ਰਹਿੰਦਾ ਹੈ ਜਦੋਂ ਉਪਰੋਂ ਗਗਨੰਤਰੋਂ ਗਗਨੰਤ੍ਰੀ ਡਲ੍ਹ ਡਲ੍ਹ ਕਰਦੇ ਅਥਾਹ ਸੁਧਾ-ਸਾਗਰੀ ਸਮੁੰਦਰੋਂ ਸਦਾ ਜਾਰੀ ਰਹਿਣ ਵਾਲੇ ਅੰਮ੍ਰਿਤ ਸੋਮੇ ਦਾ ਮੋਘਾ ਖੁਲ੍ਹ ਜਾਂਦਾ ਹੈ ਅਤੇ ਸਹਜ ਅਤੇ ਅਨੰਦ ਰਸ ਭਰਿਆ, ਅਚਰਜ ਸੁਆਦ ਬਿਸਮਾਦੀ ਪ੍ਰਨਾਲਾ ਚਲਣਾ ਅਰੰਭ ਹੋ ਜਾਂਦਾ ਹੈ। ਅਜਰ ਜੀਰਾਂਦੀ ਕਾਇਆਂ ਵਿਚੋਂ ਇਹ ਛਲਕਣਾ ਨਹੀਂ ਪਾਉਂਦਾ, ਇਸ ਬਿਸਮਾਦ ਸੁਆਦ ਦੇ ਅਹਿਲਾਦ ਰਸ-ਲੀਨ ਹੋ ਕੇ ਕਾਇਆਂ ਕੰਵਲੀਸ਼ਰੀ ਸੁਰਤੀ ਬਿਰਤੀ ਉਪਰਲੀਆਂ ਅਟਾਰੀਆਂ ਵਿਖੇ ਜਾ ਖੇਡਦੀ ਹੈ। ਜਦ ਤਾਈਂ ਰਸ-ਧ੍ਰਾਪੀ ਸੁਇਚ (*switch*) ਨਾਭੀ ਵਿਚ ਦੱਬੀ ਰਹਿੰਦੀ ਹੈ, ਸ਼ਬਦ-ਸੁਰਤੇ ਦੀ ਸੁਰਤੀ ਜੋਤਿ-ਜਗਨੀਸ਼ਰੀ ਦਿੱਬ-ਮੰਡਲਾਂ

* ਗਉੜੀ ਮ: ੫, ਪੰਨਾ ੧੫੩ † ਗਉੜੀ ਗੁਆ: ਮ: ੫, ਪੰਨਾ ੧੮੧ **ਗਉੜੀ ਕਬੀਰ ਜੀ, ਪੰਨਾ ੩੨੮



www.AKJ.Org

ਵਿਚ ਹੀ ਅਨੰਦ ਮਾਣਦੀ ਰਹਿੰਦੀ ਹੈ ਅਤੇ ਅਕਹਿ ਰਸ ਅਹਿਲਾਦੀ ਅੰਮ੍ਰਿਤ-ਭੋਜਨ ਭੁੰਚਦੀ ਰਹਿੰਦੀ ਹੈ। ਇਸ ਪਦ ਅਮਰਾਇ ਕੇ (ਪਹੁੰਚ ਕੇ) ਰਸਨਾ ਦੁਆਰਾ ਅੰਮ੍ਰਿਤ-ਭੋਜਨ ਭੁੰਚੀਦਾ ਹੈ ਤੇ ਸਰਵਣਾਂ (ਕੰਨਾਂ) ਦੁਆਰਾ ਅਸਚਰਜ ਸੁਆਦ ਵਾਲੀ ਸਹਜ-ਧੁਨੀ, ਅੰਮ੍ਰਿਤ ਧੁਨਕਾਰ ਵਾਲੀ ਧੁਨੀ, ਅਨਹਦ ਜੋਤਿ-ਜੋਤੰਨਾ ਸ਼ਬਦ, ਸੁਰਤੀ-ਬਿਰਤੀ ਤੇ ਕਾਇਆਂ ਕ੍ਰਾਂਤੀ ਨੂੰ ਕਿਤੇ ਵਲ ਭੀ ਹਿੱਲਣ ਜੁਲਣ ਨਹੀਂ ਦਿੰਦਾ, ਸਾਰੇ ਸਰੀਰ ਆਕਾਰ ਨੂੰ ਥੰਮੀ ਰਖਦਾ ਹੈ। ਕੇਵਲ ਕਾਇਆਂ ਸਰੀਰ ਰੂਪੀ ਪਿੰਡ ਨੂੰ ਥੰਮੀ ਰਖਣ ਲਈ ਹੀ ਇਹ ਅਨਹਦ-ਨਾਦ-ਅੰਸੀਆ ਸ਼ਬਦ ਸ਼ਕਤੀ ਬਲ ਸਮਰੱਥਾ ਵਾਲਾ ਨਹੀਂ, ਬਲਕਿ ਇਹ ਗੱਲ ਇੰਨ ਬਿੰਨ ਸੋਲ੍ਹਾਂ ਆਨੇ ਸਹੀ ਹੈ ਕਿ ਸਾਰਾ ਬ੍ਰਹਿਮੰਡ ਹੀ ਇਸ ਸ਼ਬਦ ਦਾ ਥੰਮਿਆ ਹੋਇਆ ਬਿਸਮਾਦ ਅਡੋਲਤਾ ਵਿਚ ਅਹਿਲ ਖੜੋਤਾ ਹੈ। ਸੋ ਦਸਮ ਦੁਆਰੜੀਆ ਅਨਹਦ-ਨਾਦ-ਅੰਸੀਆ ਅੰਮ੍ਰਿਤ-ਨਾਮ-ਰੂਪੀ ਸ਼ਬਦ ਨਾ-ਸਿਰਫ ਪਿੰਡ ਸਰੀਰ ਨੂੰ ਹੀ ਥੰਮਣ ਨੂੰ ਸਮਰੱਥ ਹੈ, ਬਲਕਿ "ਜਿਤੁ ਸਬਦਿ ਥੰਮਿ ਰਹਾਇਆ"* ਦੇ ਗੁਰਵਾਕ ਅਨੁਸਾਰ ਸਾਰੇ ਬ੍ਰਹਿਮੰਡ ਨੂੰ ਹੀ ਥੰਮੀ ਰਖਣ ਲਈ ਸ਼ਕਤਿ ਸੰਪੰਨ ਹੈ। ਇਹ ਸ਼ਬਦ ਓਹੀ ਹੈ ਜਿਸ ਨੇ ਸਾਰੇ ਖੰਡਾਂ ਬ੍ਰਹਮੰਡਾਂ ਨੂੰ ਥੰਮਿਆ ਹੋਇਆ ਹੈ। ਤਿਸ ਸ਼ਬਦ ਦੀ ਪਾਰਸ-ਕਲਾ ਦਾ ਸਦਕਾ ਹੀ ਕਾਇਆਂ ਰੂਪੀ ਪਿੰਡ ਵਿਖੇ ਦਹਿਦਿਸ ਧਾਵਨ-ਹਾਰਾ ਚੰਚਲ ਮਨ ਥੰਮਿਆ ਰਹਿੰਦਾ ਹੈ। ਕਲਾਧਾਰੀ ਸ਼ਬਦ ਗੁਰੂ ਦੀ ਅਸਥੰਮਨ ਕਲਾ ਨੂੰ ਕ੍ਰਿਸ਼ਮਾਉਣ ਲਈ, ਇਸ ਪਾਰਸ ਨੂੰ ਸਪਰਸਾਉਣ ਦੀ ਜੁੰਬਸ਼ ਵਿਚ ਲਿਆਉਣਾ ਜ਼ਰੂਰੀ ਹੈ। ਅੰਮ੍ਰਿਤ-ਭੋਜਨ ਭੁੰਚਾਉਣਹਾਰ, ਸਹਿਜ ਧੁੰਨ ਉਪਜਾਉਣਹਾਰ ਤੇ ਬ੍ਰਹਮੰਡ ਪਿੰਡ ਨੂੰ ਥੰਮ ਰਹਾਉਣ-ਹਾਰ ਦਸਮ ਦੁਆਰੜੀ ਬਿਵਸਥਾ ਦੇ ਪ੍ਰਾਪਤ ਹੋਣ ਪਰ ਹੀ ਅਨਹਦ ਸ਼ਬਦ ਦੀ ਝੁਨਕਾਰ ਤੇ ਅਨੇਕ ਪ੍ਰਕਾਰ ਦੇ ਅਨਾਹਤੀ ਬਾਜਿਆਂ ਦੇ ਵੱਜਣ ਦੀ ਸਦੀਵੀ ਅਨਹਦ ਤਾਰ ਸੁਣਾਈ ਦਿੰਦੀ ਹੈ, ਪਰ ਦਿੰਦੀ ਜ਼ਰੂਰ ਹੈ। ਅਨਹਦ ਤਾਰ ਗਗਨੋਲਾ ਉਘਾੜ ਹੋਣ ਪਰ ਨਭ ਨਾਭ ਦਾ ਪ੍ਰਕਾਸ਼ ਇਕ ਹੋ ਜਾਂਦਾ ਹੈ। ਇਹ ਸਭ ਕੁਛ ਨਾਮ ਅਭਿਆਸ ਦੀ ਜੋਤਿ-ਚਮਤਕਾਰ-ਕਲਾ ਦਾ ਜ਼ਹੂਰ ਹੈ, ਜੋ ਮਿਰਤਕ ਮੜ੍ਹੇ ਸਰੀਰ ਨੂੰ ਅੰਮ੍ਰਿਤ-ਜੋਤਿ-ਕ੍ਰਿਨਾਵਲੀ ਕੰਚਨ-ਕਾਇਆਂ ਬਣਾ ਦਿੰਦਾ ਹੈ। ਤ੍ਰੈਗੁਣੀ ਸਰੀਰ ਅੰਦਰ ਮਾਦਾ-ਪ੍ਰਸਤਾਂ ਨੂੰ ਤੁਰੀਆ ਗੁਣੀ ਦਿਬ ਲਤੀਫ਼ ਆਤਮ-ਜੋਤਿ ਅੰਸ ਦਾ ਅਨੁਮਾਨ ਮਾਤ੍ਰ ਲਗਣਾ ਭੀ ਅਸੰਭਵ ਹੈ। ਉਹ ਕੀ ਜਾਨਣ ਸਾਰ ਅਗਮ ਅਗੋਚਰ ਅਦ੍ਰਿਸ਼ਟ ਅਤੇ ਅਪਰੰਪਰ ਗੂੜ੍ਹ ਪ੍ਰਮਾਰਥੀ ਭੇਦਾਂ ਦੀ, ਜਿਨ੍ਹਾਂ ਤਾਈਂ ਉਹਨਾਂ ਦੀ ਰਾਈ ਮਾਤ੍ਰ ਭੀ ਪਹੁੰਚ ਨਹੀਂ। ਭਾਵੇਂ ਲੱਖ ਫ਼ਲਸਫ਼ੇ ਘੋਟ ਲੈਣ, ਸਾਇੰਸ, ਮੰਤਕ, ਵੈਦਿਕ ਆਦਿ ਕਰੋੜਾਂ ਵਿਦਿਆ ਘੋਖ ਲੈਣ, ਤਿਨ੍ਹਾਂ ਦੀ ਗੰਮਤਾ ਦ੍ਰਿਸ਼ਟਮਾਨ ਪਸਾਰੇ ਤੋਂ ਉਪਰ ਹੋ ਹੀ ਨਹੀਂ ਸਕਦੀ। ਜਿਨ੍ਹਾਂ ਦੀ ਬੁਧੀ ਹੀ ਅਪਹੁੰਚ ਹੈ, ਉਹ ਹੁਜਤਾਂ ਕਿਉਂ ਭੇੜਨ? ਕੁਝ ਦੇਖਣਾ ਹੈ ਤਾਂ ਕਮਾਈ ਕਰ ਕੇ ਦੇਖ ਲੈਣ। ਈਮਾਨ ਲਿਆਉਣ ਨਾਲੋਂ ਮੁਨਕਰ ਹੋਣਾ ਬੜਾ ਆਸਾਨ ਹੈ। ਛੇਕੜਲੀ ਤੁਕ "ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ"* ਫੇਰ ਉਨ੍ਹਾਂ ਹੀ ਪਿਛਲੀਆਂ ਸਿਧਾਂਤਕ ਗੁਰਮਤਿ ਸਚਾਈਆਂ ਨੂੰ ਦੁਹਰਾਉਂਦੀ ਹੈ ਕਿ ਕੇਵਲ ਸਤਿਗੁਰੂ, ਸਚੇ ਗੁਰੂ ਦੇ ਮਿਲਿਆਂ ਹੀ ਅਨਸਥਿਰ ਮਨੂਆ ਅਸਥਿਰ ਹੋ ਸਕਦਾ ਹੈ, ਹੋਰ ਕਿਸੇ ਤਰ੍ਹਾਂ ਭੀ ਨਹੀਂ। ਅਤੇ ਮਨ ਅਸਥਿਰ ਹੋਣ ਪਰ ਹੀ ਇਸ ਪ੍ਰਕ੍ਰਿਤੀਏ ਮਨ ਦਾ ਨਿਜ ਘਰ (ਦਸਵਾਂ ਦੁਆਰ) ਵਿਖੇ ਨਿਵਾਸ ਹੁੰਦਾ ਹੈ, ਜਿਥੇ ਵਸ ਕੇ ਮਨ ਦੀ ਇਹ ਹਾਲਤ ਹੋ ਜਾਂਦੀ ਹੈ, ਜੈਸਾ ਕਿ ਹਠ ਲਿਖੇ ਗੁਰ ਪ੍ਰਮਾਣਾਂ ਵਿਚ ਦਰਜ ਹੈ—

ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ ॥
ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥੨॥੧੯॥ [ਸਲੋਕ ਮ: ੩, ਪੰਨਾ ੫੯੩
ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥ ॥੮॥

[ਆਸਾ ਮ: ੧, ਪੰਨਾ ੪੧੫

---

* ਆਸਾ ਮ: ੩, ਪੰਨਾ ੪੩੦-੪੧



www.AKJ.Org

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥
ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥

[ਰਾਮਕਲੀ ਮ: ੧, ਪੰਨਾ ੯੩੮

ਵਾਹਿਗੁਰੂ ਨਾਮ ਦਾ ਸੁਆਸਿ ਅਭਿਆਸੀ ਅਰਧ ਉਰਧੀ ਬਿਲੋਵਨਾ ਘਟ ਅੰਤਰ ਬਿਲੋਇ ਕੇ ਜੋ ਜਨ ਅਤੁਟ ਕਮਾਈ ਰੂਪੀ ਸਹਜ ਵਾਪਾਰ ਅੰਤਰਗਤਿ ਹੀ ਕਰਦੇ ਅਤੇ ਸਦਾ ਹੀ ਕਰਦੇ ਰਹਿੰਦੇ ਹਨ, ਤਿਨ੍ਹਾਂ ਜਨਾਂ ਦੇ ਮਨ ਸਦਨ (ਘਰ) ਅੰਦਰ ਸੁਖ ਦਾ ਨਿਵਾਸ ਰਹਿੰਦਾ ਹੈ, ਉਨ੍ਹਾਂ ਦਾ ਮਨ ਸਦਾ ਸੁਖ ਅੰਦਰ ਵਸਦਾ ਹੈ। ਉਨ੍ਹਾਂ ਦੇ ਅੰਦਰ ਹੀ ਨਾਮ ਦੀ ਜੋਤਿ ਦਾ ਦੀਵਾ ਟਿਮਟਿਮਾਉਣ ਲਗ ਪੈਂਦਾ ਹੈ। ਇਹੋ ਨਾਮ ਰੂਪੀ ਜੋਤਿ-ਜਗਨ-ਦੀਪਕ ਗੁਰ-ਗਿਆਨ-ਮਣੀਆ-ਰਤਨ ਹੋ ਕੇ ਉਨ੍ਹਾਂ ਦੇ ਘਟ ਅੰਤਰ ਦਮਕਦਾ ਹੈ। ਇਹ ਗੁਰ-ਗਿਆਨ-ਰਤਨੁ ਮੁਕਤਿ ਕਰਾਵਨਹਾਰਾ ਹੈ--

"ਗੁਰ ਗਿਆਨੁ ਪਦਾਰਥੁ ਨਾਮੁ ਹੈ" ਗੁਰਵਾਕ ਦੇ ਭਾਵ ਅਨੁਸਾਰੜੇ ਗੁਰ-ਗਿਆਨ ਬਿਨਾਂ ਹੋਰ ਕੋਈ ਕਲਿਆਣਕਾਰਕ ਮੁਕਤਿ-ਦਾਇਕ ਗਿਆਨ ਨਹੀਂ। ਆਨਮਤਾਂ ਦੇ ਗਿਆਨ ਸਭ ਕ੍ਰਿਤਮ ਨਾਮਾਂ ਦੇ ਨਾਮ-ਧਰੀਕ ਗਿਆਨ ਹਨ। ਮੁਕਤਿ-ਦਾਇਕ ਜੋਤਿ ਜਗਾਇਕ ਗਿਆਨ ਹੈ ਤਾਂ ਕੇਵਲ ਗੁਰਮਤਿ ਗਿਆਨ ਹੀ ਹੈ।

ਗੁਰਮੁਖ ਜੀਉੜੀਏ ਮਨ ਗੁਰਬਾਣੀ ਰੂਪੀ ਸੱਚੀ ਬਾਣੀ ਦੇ ਕੀਰਤਨ ਤੋਂ ਬਿਨਾਂ ਹੋਰ ਕਿਸੇ ਕੱਚੀ ਬਾਣੀ ਦੇ ਕੀਰਤਨ ਸੁਣਨ ਵਿਚ ਪ੍ਰਵਿਰਤ ਨਹੀਂ ਹੁੰਦੇ। ਸੱਚੇ ਨਾਮ ਮਹਾਂ ਰਸ ਦੇ ਸੁਆਦ ਬਿਨਾਂ ਆਨ ਬਿਖੇ-ਬਨੀ ਸੁਆਦਾਂ ਵਿਚ ਖੱਚਤ ਨਹੀਂ ਹੁੰਦੇ, ਗੁਰਮੁਖਾਂ ਦੇ ਮਨ ਅਨਦਿਨ ਗੁਰ-ਭਗਤੀ, ਭਗਤ-ਕਮਾਈ ਕਰਦਿਆਂ ਹੀ ਜਾਗ ਸੁਜਾਗੇ ਰਹਿੰਦੇ ਹਨ। ਇਸ ਸੁਜਾਗ ਸਾਵਧਾਨਤਾ ਵਿਚ ਉਹ ਅਨਹਦ ਸ਼ਬਦ ਦੀਆਂ ਧੁਨੀਆਂ ਸੁਣਣ ਦਾ ਅਨੰਦ ਮਾਣਦੇ ਹਨ। ਅਜਿਹੇ ਗੁਰਮੁਖ ਹੰਸਲੇ ਸੱਚੇ ਨਾਮ-ਅਹਾਰੀ, ਸ਼ਬਦ-ਵੀਚਾਰੀ, ਹੀਰੇ ਰਤਨ ਮਾਣਕਾਂ ਦੇ ਚੋਗ-ਚੁਗਾਰੀ ਬਣਦੇ ਹਨ। ਅਤੇ ਅੰਤਰਗਤਿ ਹੀ ਤਤ-ਆਤਮ ਨੂੰ ਚੀਨ ਕੇ ਸੱਚੇ ਨਿਰੰਕਾਰੀ ਸ਼ਬਦ ਲਿਵ ਅਨਹਦਾਰੀ ਬਣੇ ਰਹਿੰਦੇ ਹਨ। ਗੁਰਮੁਖ ਜਨਾਂ ਦਾ ਮਨ ਇਸ ਬਿਧਿ ਅਤਿ ਨਿਰਮਲ ਹੋ ਗਿਆ ਹੁੰਦਾ ਹੈ, ਕਿਉਂਕਿ ਉਨ੍ਹਾਂ ਦੀ ਲਿਵ-ਡੋਰੀ ਸੱਚੇ ਸਾਹਿਬ ਦੇ ਦਰ ਘਰ ਵਿਖੇ ਹੀ ਹਰ ਦਮ ਜੁੜੀ ਰਹਿੰਦੀ ਹੈ। ਇਸ ਪਦ ਅਮਰਾਇ ਕੇ (ਇਸ ਮੰਜ਼ਲ ਤੇ ਪਹੁੰਚ ਕੇ) ਤੁਰੀਆ ਗੁਣੀ ਸ਼ਬਦ ਲਿਵਤਾਰੀ ਅਨਹਦ ਧੁਨੀ ਹੀ ਗੁਰਮੁਖ ਜਨਾਂ ਦੀ ਭਾਉ-ਭਗਤੀ ਬਣ ਜਾਂਦੀ ਹੈ। ਦਹਿਦਿਸ ਧਾਵਣਹਾਰਾ ਚੰਚਲ ਤੇ ਸਦਾ ਚਲਾਇਮਾਨ ਹੋਣ ਵਾਲਾ ਮਨ ਗੁਰ-ਸ਼ਬਦ ਦੀ ਸਾਣ ਕਸਉਟੀ ਤੇ ਚੜ੍ਹ ਕੇ ਅਤਿ ਨਿਹਚਲ ਹੋ ਜਾਂਦਾ ਹੈ। ਗੁਰਮਤ-ਦੀਖਿਆ ਦੀ ਕਮਾਈ ਦੀ ਪਾਰਸ-ਕਲਾ ਦੁਆਰਾ ਇਸ ਨੂੰ ਆਪਣ, ਜੋਤਿ-ਸਰੂਪ ਅੰਸੀ ਮੂਲ ਦੇ ਪਛਾਣਨ ਦੀ ਸੋਝੀ ਪੈ ਜਾਂਦੀ ਹੈ। ਹਿਰਦੇ ਅੰਦਰ ਹੀ ਇਹ ਸੋਝੀ ਪੈਂਦੀ ਹੈ; ਕਿਉਂਕਿ ਪ੍ਰਿਥਮੇ ਘਟ ਅੰਦਰ ਹੀ ਸ਼ਬਦ-ਜੋਤਿ ਦੀਪਕ ਜਗਦਾ ਹੈ। ਸੁਆਸ ਅਭਿਆਸੀ ਸ਼ਬਦ ਧਉਂਕਣੀ ਦੀ ਪਾਰਸ-ਚੁੰਭਕੀ ਰਗੜ ਹਿਰਦੇ ਘਟ ਅੰਦਰ ਹੀ ਇਹ ਜੋਤਿ-ਚਿੰਗਾੜੀ ਪਰਜੁਅਲਤ ਕਰ ਦਿੰਦੀ ਹੈ। ਇਹ ਜੋਤਿ-ਚਿੰਗਾੜੀ ਅਮਿਉ-ਰਸ ਭਰੀ ਮੀਠ ਮੀਠਾਰੀ ਜੀਵਨ ਜੁਗ-ਤਾਰੀ ਗੁੜ੍ਹਤੀ ਹੈ, ਜੋ ਅੰਤਰ ਵਸ ਰਸ ਕੇ ਨਾੜ ਨਾੜ ਅੰਦਰ ਰਸ-ਜੋਤਿ-ਵਿਗਾਸੀ ਚਾਨਣਾ ਹੀ ਚਾਨਣਾ ਚਨਣਾ ਦਿੰਦੀ ਹੈ। ਏਸ ਅਗਾਧ ਰਸ-ਮਗਨਤਾ ਵਿਚ ਗੁੰਦਾ ਹੋ ਕੇ "ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ" ਦੇ ਵਾਕ ਅਨੁਸਾਰ ਇਹ ਮਨੁ ਹਿਰਦੇ ਅੰਦਰ ਨਿਹਚਲ ਵਾਸਾ ਪਾਈ ਰਖਦਾ ਹੈ ਅਤੇ ਸਦਾ ਅਡੋਲ ਰਹਿੰਦਾ ਹੈ, ਕਦੇ ਭੀ ਨਹੀਂ ਡੋਲਦਾ। ਸ਼ਬਦ-ਅਭਿਆਸ ਦੇ ਰਸਨ ਰਸਨਾਟੇ, ਅਜਪਾ ਜਾਪ ਦੇ ਪਵਨ-ਫਰਾਟੇ ਉਰਧ-ਮੁਖੀ


www.AKJ.Org

ਨਾਭ-ਕੰਵਲ ਨੂੰ ਸਿੱਧਾ ਕਰ ਕੇ ਵਿਚ ਜੋਤਿ ਰਸ ਰਸਾਇ ਕੇ ਖਿੜਾ ਦਿੰਦੇ ਹਨ। ਤਿਸ ਰਸ ਦਾ ਸੁਆਦ ਐਸਾ ਅਗਾਧ ਹੁੰਦਾ ਹੈ ਕਿ ਸੁਆਸਾਂ ਅੰਦਰ ਜੋਤਿ-ਜੀਵਨੀ-ਰਸ-ਧ੍ਰਾਪ-ਬਿਜਲੀ ਪੈਦਾ ਹੋ ਜਾਂਦੀ ਹੈ, ਜਿਸ ਦਾ ਰਸ-ਬਿਸਮਾਦੀ ਸੁਆਦ ਸੁਆਸਾਂ ਨੂੰ ਨਾਭੀ ਵਿਖੇ ਨੱਪੀ ਰਖਦਾ ਹੈ। ਸੁਆਸ ਵਿਗਾਸੀ ਨਾਭਿ-ਪਵਨ ਨਾਭੀ ਅੰਦਰ ਨੱਪੀ ਹੋਈ ਹੀ ਆਪਣੇ ਜੋਤਿ ਅਨੰਦੀ ਕ੍ਰਿਤਮੇ ਕ੍ਰਿਸ਼ਮਾਈ ਜਾਂਦੀ ਹੈ। ਰਸ ਬਿਸਮ ਭਈ ਬਿਰਤੀ ਨੂੰ ਨਾਭੀ ਅੰਦਰ ਹੀ ਰਸ ਰਸਨਾਟੀ ਪਉਣ ਦੱਬੀ ਰਖਣ ਦਾ ਅਜਿਹਾ ਸੁਆਦ ਪੈ ਜਾਂਦਾ ਹੈ ਕਿ ਨਾਮ ਸੁਰਤੀਸ਼ਰਾਂ ਦੀ ਸੁਰਤੀ ਕਿਤੇ ਓਰ ਕਿਸੇ ਪ੍ਰਕਾਰ ਭੀ ਜਰਕਦੀ ਨਹੀਂ, ਨਾਭ ਕਮਲ ਦੇ ਨਿਜ ਘਰ ਵਿਖੇ ਹੀ ਆਸਣ ਜਮਾਇ ਕੇ ਰਸ ਸ਼ਬਦ ਸੁਰਤਨੀ ਪਵਨ ਆਤਮ ਦਿੱਬਤਾ ਜੋਤਿ ਜਗਾਇਨੀ ਘੁੰਮਰਾਂ ਪਾਉਂਦੀ ਰਹਿੰਦੀ ਹੈ। ਰਸ-ਜੋਤਿ ਅਨੰਦੀ ਪਉਣ ਨੂੰ ਨਾਭੀ ਅੰਦਰ ਦਬਿਆਂ ਜੋ. ਘੁੰਮਰਾਂ ਪੈਂਦੀਆਂ ਹਨ ਤਿਸ ਤੋਂ ਸੁਰਤੀ ਹੋਰ ਉਚੇਰੀ ਚੜ੍ਹ ਜਾਂਦੀ ਹੈ। ਸੁਆਸ ਤਾਂ ਸੁਆਦ-ਅਨੰਦੀ ਵਿਗਾਸ ਦੇ ਆਧਾਰ ਤੇ ਨਾਭੀ ਦੇ ਅੰਦਰ ਹੀ ਦਬੇ ਰਹਿੰਦੇ ਹਨ, ਸੁਰਤੀ ਗਗਨ-ਮੰਡਲਾਂ ਵਿਚ ਖੁਲ੍ਹੀਆਂ ਤਾਰੀਆਂ ਉਚੇਰੀਆਂ ਜੋਤਿ-ਅਨੰਦੀ ਉਡਾਰੀਆਂ ਲਾਉਂਦੀ ਰਹਿੰਦੀ ਹੈ। ਜਿਉਂ ਜਿਉਂ ਸੁਰਤ-ਉਡਾਰੀ ਦਾ ਉਚਾਣ ਡੂੰਘਾ (ਅਤਿ ਉਚੇਰਾ) ਹੁੰਦਾ ਜਾਂਦਾ ਹੈ ਤਿਉਂ ਤਿਉਂ ਰਸ ਬਿਸਮਾਦ ਗੀਧੀ ਸੁਰਤੀ ਦਾ ਚੜ੍ਹਾਉ ਸੁਤੇ ਸੁਭਾਇ ਹੀ ਹੋਰ ਉੱਚਾ ਚੜ੍ਹ ਜਾਂਦਾ ਹੈ ਤੇ ਹੋਰ ਡੂੰਘੇ ਡੂੰਘਾਉ ਵਿਚ ਤ੍ਰਿਬੁਡ ਹੋ ਜਾਂਦਾ ਹੈ। ਇਹ ਸਹਜ ਬੈਰਾਗ ਅਨੰਦੀਆ ਖੋਜ ਹੈ। ਆਤਮ ਤੱਤ ਨੂੰ ਪਰਮਾਤਮ ਤੱਤ ਵਿਚ ਇਕ-ਮਿਕ ਕਰਨ-ਹਾਰਾ ਪਰਮ ਤੱਤ ਨੂੰ ਲਹਿਣ ਲਖਣਹਾਰਾ ਖੋਜ ਹੈ। ਇਹ ਉਪਰਲਾ ਸਾਰ ਵਿਸਥਾਰ "ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ" ਗੁਰਵਾਕ ਪੰਗਤੀ ਦਾ ਇਕ ਤੁਛ ਮਾਤ੍ਰ ਅਨੁਵਾਦ ਹੈ। ਇਸ ਤੇ ਵਧੇਰਾ ਵਿਥਾਰ ਹੋਵੇ, ਤਾਂ ਕੀ ਹੋਵੇ ? ਜਿਨ੍ਹਾਂ ਅੰਦਰ ਇਹ ਖੇਡ ਏਦੂੰ ਵਧੇਰੇ ਵਾਪਰੀ ਹੈ, ਓਹਨਾਂ ਨੂੰ ਵਧੇਰੇ ਵਿਥਾਰਨ ਦੀ ਪ੍ਰੁੱਖੋਂ ਹੋਵੇ ਤਾਂ ਹੋਵੇ, ਸਾਡੀ ਤਾਂ ਏਥੇ ਹੀ ਬਸ ਹੈ। ਬਸ, "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ" ਹੈ।*

ਸੁਰਤਿ ਸ਼ਬਦ ਦੀ ਗਰਮਤਿ ਗੁਹਜ ਕਥਾ ਇਸ ਕਰਕੇ ਗੁਹਜ ਨਹੀਂ ਕਿ ਇਸ ਨੂੰ ਜਾਣ ਬੁਝ ਕੇ ਗੁਪਤ ਰਖਣਾ ਦਰਕਾਰ ਹੈ। ਅਸਲ ਗੱਲ ਇਹ ਹੈ ਕਿ ਇਹੋ ਦਸੀ ਨਹੀਂ ਜਾ ਸਕਦੀ, ਕੇਵਲ ਲਖੀ ਹੀ ਜਾ ਸਕਦੀ ਹੈ। ਲਿਖੀ ਕਥੀ ਨਹੀਂ ਜਾ ਸਕਦੀ। ਪਰੇ ਤੇ ਪਰੇ ਹੈ। ਨਾਭ ਪਵਨ ਨਿਜ ਘਰਿਆ ਸ਼ਬਦ ਗੁਰਮੰਤਰ ਗੁਰਮੁਖ ਖੋਜ ਖੋਜਰਨੀ ਤੱਤ ਲਖਤਾ ਕਰਕੇ ਨਿਰੰਤਰ ਨਿਜ ਘਰ ਵਿਖੇ ਜੋਤਿ ਜਗਾਈ ਰਖਦਾ ਹੈ ਅਤੇ ਪਿੰਡ ਪੁਲਾੜ ਅੰਦਰ ਭੀ ਜੋਤਿ ਪਸਰਾਉ ਨੂੰ ਪਸਰਾਈ ਅਸਤਥਾਈ ਰਖਦਾ ਹੈ। ਸਾਰੇ ਬ੍ਰਹਿਮੰਡ, ਤ੍ਰੈਭਵਨ ਨਭ ਗਗਨ ਉਘਾੜ ਵਿਖੇ ਭੀ ਜੋਤਿ ਦਾ ਪਸਰਾਉ ਆਸ਼ਕਾਰਾ ਸਾਖਸ਼ਾਤਕਾਰਾ ਇਸੇ ਗੁਰਸ਼ਬਦ ਤੋਂ ਹੀ ਲਹੀਦਾ (ਲਖੀਦਾ) ਹੈ। ਸ਼ਬਦ ਅਭਿਆਸ ਰਸਾਇਣ ਰਸਪ੍ਰਾਇਣ ਹੋ ਕੇ ਅਭਿਆਸ ਕਮਾਈ ਅਤੁਟ ਤੋਂ ਅਤੁਟ ਆਪੋਂ ਹੀ ਹੁੰਦੀ ਰਹਿੰਦੀ ਹੈ। ਅਭਿਆਸੀ ਜਨ ਨੂੰ ਕੋਈ ਅਉਖ, ਦੁਖ, ਕਸ਼ਟ, ਬਿਕਟਤਾ ਮਹਿਸੂਸ ਹੀ ਨਹੀਂ ਹੁੰਦੀ, ਜੈਸੇ ਕਿ ਹਠ-ਯੋਗ ਦੇ ਕ੍ਰਮਚਾਰੀਆਂ ਨੂੰ ਹੁੰਦੀ ਹੈ। ਗੁਰਮਤਿ ਸਹਿਜ ਯੋਗ ਦੇ ਮਾਰਗ ਵਿਚ ਹਠ-ਯੋਗੀਆਂ ਵਾਲੀ ਦੇਹ-ਬਿਪਤ-ਬਿਖਮਤਾ ਪੇਸ਼ ਹੀ ਨਹੀਂ ਆਉਂਦੀ। ਜੋਤਿ ਰਸ ਸੁਆਦੀਆ ਅਨੰਦ ਹੋਰ ਬੇਓੜਕੇ ਅਨੰਦ ਦਾ ਭੁਖੇਲਾ ਬਣਿਆ ਰਹਿੰਦਾ ਹੈ। ਜਿਵੇਂ ਜੋਤਿ ਰਸ ਵਿਗਾਸ ਦਾ ਥਾਹੁ ਨਹੀਂ, ਤਿਵੇਂ ਜੋਤਿ-ਅਨੰਦ ਰਸ ਦੇ ਭੁਖੇਲਿਆਂ ਦੀ ਭੁਖ ਦਾ ਭੀ ਕੋਈ ਓੜਕ ਨਹੀਂ। ਸੱਚੇ ਸਤਿ ਕਰਤਾਰ ਦੇ ਸਾਖਸ਼ਾਤ ਦੀਦਾਰ ਦੀ ਭੁੱਖ ਸਾਰੇ ਸਰੀਰਕ ਅਤੇ ਮਾਨਸਕ ਦੁਖਾਂ ਨੂੰ ਖਾ ਜਾਂਦੀ ਹੈ (ਖੈ ਕਰ ਦਿੰਦੀ ਹੈ)। ਹੋਰ ਸਾਰੀਆਂ ਚਾਹਾਂ ਚੇਸ਼ਟਾਵਾਂ ਭੀ ਮੁਕ ਠੁਕ ਜਾਂਦੀਆਂ ਹਨ। ਸੱਚੇ ਨਾਮ ਦੀਆਂ ਭੁੱਖਾਂ ਹੀ ਹੋਰ ਸਾਰੀਆਂ ਭੁੱਖਾਂ ਨੂੰ ਗਵਾ ਦਿੰਦੀਆਂ ਹਨ। ਨਾਮ-ਅਧਾਰ ਦੀਆਂ ਸੰਤੁਸ਼ਟਤਾਈਆਂ ਦਾ ਹੱਦ-ਬੰਨਾ ਕੋਈ ਨਹੀਂ। ਜਿਵੇਂ ਨਾਮ ਦਾ ਰਜ ਨਹੀਂ ਆਉਂਦਾ, ਤਿਵੇਂ ਨਾਮੀ ਦੇ ਦੀਦਾਰ ਦਾ ਰੱਜ ਭੀ ਅਮੁੱਕ ਅਥਾਹ ਹੈ, ਪਰ ਇਸ ਅਰੱਜ ਵਿਚ ਭੀ ਇਕ ਖ਼ਾਸ ਤ੍ਰਿਪਤਾਸਤਾ ਹੈ। ਇਸ

* ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੦


www.AKJ.Org

ਪ੍ਰਤਾਸਤਾ ਵਿਚ ਨਿਮਗਨ ਹੋ ਕੇ ਤ੍ਰੈਗੁਣੀ ਰਸਾਂ ਕਸਾਂ ਤ੍ਰਿਸ਼ਨਾਵਾਂ ਦੀ ਅਤ੍ਰਿਪਤਤਾ ਭਾਸਦੀ ਹੀ ਨਹੀਂ, ਨਾ ਹੀ ਦੁਖਾਂਤਰ ਹੋਣ ਦਿੰਦੀ ਹੈ। ਸੱਚੇ ਨਾਮ ਗੁਰਮਤਿ ਨਾਮ ਦੇ ਆਧਾਰ ਵਿਚ ਅਤੇ ਸੱਚੇ ਨਾਮੀ ਦੇ ਦੀਦਾਰ ਵਿਚ ਤ੍ਰਿਪਤਾਸ ਰਹਿਣ ਵਾਲੀ ਜੋ ਗੁਰਮਤਿ ਬਿਵਸਥਾ ਹੈ, ਏਸੇ ਵਿਚ ਹੀ, ਇਸ ਪਦ ਨੂੰ ਪਹੁੰਚ ਕੇ ਹੀ, ਅਨਹਦ ਸ਼ਬਦ ਦੀ ਰੁਣ ਝੁਣਕਾਰ ਸੁਣਾਈ ਦਿੰਦੀ ਹੈ। ਤਾਂ ਤੇ ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਅਨਹਦ ਬਾਣੀ ਨੂੰ ਜਾਣਿਆ ਪਛਾਣਿਆ ਹੈ ਤੇ ਇਹ ਵਿਰਲੇ ਗੁਰਮੁਖ ਜਨ ਹੀ ਹਨ, ਜੋ ਅਨਹਦ ਸ਼ਬਦ ਦੀ ਤੱਤ ਲਖਤਾ ਦਾਂ ਤਾਤਪਰਜ ਸਮਝਦੇ ਹਨ, ਪਰ ਅਨਹਦ ਸ਼ਬਦ ਵਾਲੀ ਬਿਵਸਥਾ ਹੈ ਸੱਚੀ। ਗੁਰੂ ਨਾਨਕ ਸਾਹਿਬ ਸੱਚੀ ਸਾਖਾ ਰੂਪੀ ਸੁਭਾਖਿਆ ਸੱਚੀ ਭਾਖਿਆ ਸੁਭਾਖਦੇ ਹਨ ਕਿ ਇਸ ਸੱਚੀ ਬਿਵਸਥਾ ਦੇ ਔਜ ਆਤਮੀ ਰੰਗ ਰੰਗੀਜਿਆਂ ਆਤਮ ਪਰਮਾਤਮੀ ਚਲੂਲੜਾ ਪ੍ਰਮਾਰਥੀ ਰੰਗ ਫੇਰ ਕਦੇ ਨਹੀਂ ਉਤਰਦਾ, ਸਗੋਂ—

ਦਿਨੁ ਦਿਨੁ ਚੜੈ ਸਵਾਇਆ, ਨਾਨਕ ਹੋਤ ਨ ਘਾਟਿ ॥੧੯॥ [ਥਿਤੀ ਗਉੜੀ ਮ: ੫, ਪੰ: ੩੦੦

ਵਾਲੇ ਗੁਰਵਾਕ ਦੇ ਭਾਵ ਅਨੁਸਾਰ ਦਿਨੋ ਦਿਨ ਦੂਣ ਸਵਾਇਆ ਹੀ ਹੁੰਦਾ ਰਹਿੰਦਾ ਹੈ, ਘਟਦਾ ਕਦੇ ਨਹੀਂ।

ਇਸ ਬਿਵਸਥਾ ਵਾਲਾ ਜੀਵਨ ਹੀ ਸੱਚਾ ਜੀਵਨ ਹੈ, ਪ੍ਰੰਤੂ ਇਹ ਤੱਤ ਪ੍ਰਮਾਰਥੀ ਜੀਵਨ ਗੁਰਮਤਿ-ਭਾਏ ਗੁਰਮੁਖ-ਦੀਖਿਆ-ਦੀਖਸ਼ਾਏ ਹੀ ਪ੍ਰਾਪਤ ਹੁੰਦਾ ਹੈ। ਇਹ ਗੁਰਮੁਖ-ਭਾਏ ਪਾਇਆ ਜੀਵਨ ਹੋਰ ਭੀ ਨਾਮ ਅਭਿਆਸ ਨੂੰ ਤੱਤ ਅਨਹਦੀ ਲਿਵਤਾਰ ਵਿਚ ਅਭਿਆਸੀ ਜਨ ਦੇ ਪ੍ਰਾਣਾਂ ਅੰਦਰ ਵਸਾਇ ਦਿੰਦਾ ਹੈ। ਇਸ ਅਨਹਦ-ਲਿਵਤਾਰੀ ਪ੍ਰਾਨ-ਰਮਨਾਰੀ ਰੰਗਾਂ ਵਿਚ ਰੱਤ ਕੇ ਗੁਰਮਤਿ ਨਾਮ ਅਭਿਆਸੀ ਜਨ ਦਾ ਸਭ ਸੰਸਾ ਦੁਖ ਨਵਿਰਤ ਹੋ ਜਾਂਦਾ ਹੈ, ਕਿਉਂਕਿ ਉਸਦਾ ਧਿਆਨ ਗੁਰ ਸ਼ਬਦ ਮੰਤਰ ਅਭਿਆਸ ਕਮਾਈ ਦੇ ਪ੍ਰਭਾਵ ਕਰਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਵਿਚ ਲਗ ਜਾਂਦਾ ਹੈ। ਗੁਰਬਚਨ ਗੁਰ-ਮੰਤਰ ਨਾਮ ਅਭਿਆਸ ਦੀ ਬਚਿਤਰ ਪਾਰਸ ਪ੍ਰਭਾਵਤਾ ਦੁਆਰਾ ਹੀ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪਰਮੇਸ਼ਰ ਧਿਆਇਆ ਜਾ ਸਕਦਾ ਹੈ ਅਤੇ ਧਿਆਇ ਕੇ ਪਰਮ ਪਦ ਪਾਇਆ ਜਾ ਸਕਦਾ ਹੈ। ਪਰਮ ਪਦ ਦੀ ਪ੍ਰਾਪਤੀ ਪਰ ਨਿਤਾਪ੍ਰਤਿ ਅਨਹਦ ਧੁਨਾਂ ਵਾਲੇ ਵਾਜੇ ਵੱਜਣ ਲਗ ਪੈਂਦੇ ਹਨ ਅਤੇ ਇਨ੍ਹਾਂ ਅਨਹਦ ਧੁਨਾਂ ਵਿਚ ਗੁਰਬਾਣੀ ਗਾਈਦੀ ਹੀ ਸੁਣੀਂਦੀ ਹੈ ਅਤੇ ਨਾਲੋ ਨਾਲ ਦਿਬ-ਬਣਤਰੀ ਬਜੰਤਰਾਂ ਵਾਲੇ ਬਚਿਤਰ ਅਗੰਮੀ ਬਾਜੇ ਬਜਦੇ ਸੁਣਾਈ ਦੇਂਦੇ ਹਨ। ਗੁਰੂ ਦਾਤੇ ਨੇ ਜਿਨ੍ਹਾਂ ਉਪਰ ਦਇਆਲ ਨਦਰੀ ਨਦਰ ਨਿਹਾਲ ਹੋ ਕੇ ਇਹ ਦਾਤਿ ਦਿਤੀ ਹੈ ਉਨ੍ਹਾਂ ਦੇ ਹੀ ਬੱਜਰ ਕਪਾਟ ਖੁਲ੍ਹਦੇ ਹਨ ਅਤੇ ਓਹੀ ਜੋਤੀ ਜੋਤਿ ਸਮਾਉਂਦੇ ਹਨ, ਯਥਾ ਗੁਰਵਾਕ—

ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ ॥
ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥
ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ ॥
ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ ॥
ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥੧॥

[ਆਸਾ ਛੰਤ ਮ: ੪, ਪੰਨਾ ੪੪੨

ਇਹ ਅਨਹਦ ਨਾਦ ਵਜਾਇਨੀ ਅਤੇ ਜੋਤੀ ਜੋਤਿ ਸਮਾਇਨੀ ਦਸ਼ਾ ਐਵੇਂ ਸੁਖੈਨ ਹੀ ਗਲੀਂ ਗੋਖੇ ਗਿਆਨ ਕੀਤਿਆਂ ਪ੍ਰਾਪਤ ਨਹੀਂ ਹੁੰਦੀ। ਇਸ ਅਗਮ ਅਥਾਹ ਪ੍ਰਮਾਰਥ ਨੂੰ ਸਿਧ ਕਰਨ ਲਈ ਅਪਰ ਅਪਾਰ ਅਤੇ ਅਥਾਹ ਨਾਮ ਅਭਿਆਸ ਕਮਾਈ ਕਰਨੀ ਪੈਂਦੀ ਹੈ। ਅਗੰਮ ਅਥਾਹ ਪ੍ਰਮਾਰਥੀ ਪੂੰਜੀ ਦਾ ਸੱਚਾ ਸ਼ਾਹ ਗੁਰੂ ਪਾਤਸ਼ਾਹ ਬਾਣੀ ਦਾ ਬੋਹਿਥ ਸੱਚਾ ਸਤਿਗੁਰੂ ਵੱਡੇ ਭਾਗਾਂ ਕਰਕੇ ਮਿਲੇ ਅਤੇ ਉਸ ਦਾ ਅਨਿੰਨ ਸਿਖ ਸੇਵਕ ਬਣ ਕੇ ਇਹ ਪੂੰਜੀ ਉਸ ਪਾਸੋਂ ਲੋੜ ਲਈ ਜਾਵੇ ਅਤੇ ਪੂੰਜੀ ਲੋੜ-ਲਭ ਕੇ ਉਸ ਦਾ ਕਮਾਵਣ-ਮਈ ਵਣਜੁ ਵਪਾਰੁ ਦਿਨ ਰਾਤ ਇਕ ਕਰਕੇ ਕੀਤਾ ਜਾਵੇ। ਨਾਮ ਰਤਨ ਗੁਣਾਂ ਨੂੰ ਸ਼ਰਧਾ-ਭਾਵਨੀ ਸੇਤੀ ਗਾਵਨ ਕਮਾਵਨ


www.AKJ.Org

ਦੀ ਅਥਾਹ ਘਾਲਣਾ ਘਾਲੀ ਜਾਵੇ ਅਤੇ ਜਦ ਤਾਈਂ ਆਦਰਸ਼ੀ ਮਨੋਰਥ ਸਿਧ ਨ ਹੋ ਜਾਵੇ, ਨੀਂਦ ਭੁਖ ਸਭ ਪਰਹਰਿ ਤਿਆਗੀ ਜਾਵ। ਅਡੋਲ ਸਹਜ ਸਮਾਧਿ ਸਮਾਇਆ ਜਾਵੇ । ਇਸ ਪ੍ਰਕਾਰ ਦੇ ਇਕ ਹੀ ਭਾਂਤ ਦੇ ਵਣਜਾਰੇ ਗੁਰੂ ਘਰ ਵਿਖੇ ਹੀ ਸੱਚਾ ਵਣਜ ਵਣਜਣ ਆਉਂਦੇ ਹਨ ਅਤੇ ਨਾਮ-ਰਤਨ-ਵਾਪਾਰ ਦਾ ਸੱਚਾ ਲਾਹਾ ਲੈ ਜਾਂਦੇ ਹਨ। ਉਹ ਸੱਚੇ ਸਤਿਗੁਰੂ ਅਗੇ ਮਨ ਤਨ ਆਪਣਾ ਅਰਪ ਦਿੰਦੇ ਹਨ ਅਤੇ ਓਸੇ ਪ੍ਰਾਇਣ ਹੋਏ ਰਹਿੰਦੇ ਹਨ, ਅਤੇ ਗੁਰੂ ਨਦਰ ਪ੍ਰਾਇਣ ਹੋ ਕੇ ਅਤੁਟ ਕਮਾਈਆਂ ਕਰੀ ਚਲੇ ਜਾਂਦੇ ਹਨ। ਉਨ੍ਹਾਂ ਉਤੇ ਨਦਰ ਹੋ ਜਾਂਦੀ ਹੈ। ਉਹ ਆਪਣੇ ਤੱਤ ਮਨੋਰਥ ਨੂੰ ਪਾ ਲੈਂਦੇ ਹਨ ਅਤੇ ਅਗਮ ਅਥਾਹ ਅਦ੍ਰਿਸ਼ਟ ਅਗੋਚਰ ਠਾਕਰ ਦਾ ਮੇਲ ਪ੍ਰਾਪਤ ਕਰ ਲੈਂਦੇ ਹਨ। ਜਿਹਾ ਕਿ ਗੁਰਵਾਕ ਹੈ—

ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ ॥
ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ ॥
ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ ॥
ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥
ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ ॥
ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ ॥੩॥

[ਆਸਾ ਛੰਤ ਮ: ੪ ਘਰੁ ੧, ਪੰਨਾ ੪੪੨

ਇਹਨਾਂ ਪ੍ਰਮਾਰਥੀ ਰਤਨ ਪਦਾਰਥਾਂ ਸੇਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਸੱਚਾ ਸ਼ਹੁ ਸਾਗਰ ਨਕੋ ਨਕ ਭਰਿਆ ਪਿਆ ਹੈ । ਨਾਮ ਰੂਪੀ ਸੱਚਾ ਸੁੱਚਾ ਰਤਨ ਪਦਾਰਥ, ਜਿਸ ਦੇ ਤੁਫ਼ੈਲ ਦਸਮ ਦੁਆਰ ਦੀ ਪ੍ਰਾਪਤੀ ਹੁੰਦੀ ਹੈ, ਅਤੇ ਅਨਹਦ ਧੁਨੀਆਂ ਦੇ ਮੰਡਲ ਵਿਚ ਅਪੜੀਦਾ ਹੈ ਤੇ ਪ੍ਰੀਤਮ ਪਾਰਬ੍ਰਹਮ ਸੁਆਮੀ ਦੇ ਸਾਂਗੋ ਪਾਂਗ ਦਰਸ਼ਨ ਕਰੀਦੇ ਹਨ, ਤਿਨ੍ਹਾਂ ਦੇ ਹੱਥ ਹੀ ਚੜ੍ਹਦਾ ਹੈ, ਜੋ ਗੁਰਬਾਣੀ ਨੂੰ ਸ਼ਰਧਾ ਸਿਦਕ ਭਾਵਨੀ ਸੇਤੀ ਲਗੇ ਰਹਿੰਦੇ ਹਨ । ਗੁਰਬਾਣੀ ਨੂੰ ਸ਼ਰਧੱਗਿਆਂ, ਲੱਗਿਆਂ, ਕਮੱਗਿਆਂ ਦੇ ਹੱਥ ਹੀ ਨਾਮ ਰੂਪੀ ਨਿਰਮੋਲਕ ਰਤਨ ਅਪਾਰਾ ਚੜ੍ਹਦਾ ਹੈ। ਗੁਰਮਤਿ ਨਾਮ ਰੂਪੀ ਅਮੋਲਕ ਰਤਨ ਪਾ ਕੇ ਹੀ ਭਗਤੀ, ਅਭਿਆਸ ਕਮਾਈਆਂ ਦਾ ਅਖੁਟ ਭੰਡਾਰ ਖੁਲ੍ਹਦਾ ਹੈ । ਸਰੀਰ ਰੂਪੀ ਸਮੁੰਦਰ ਮਟਕੇ ਵਿਚ ਨਾਮ ਅਭਿਆਸ ਰੂਪੀ ਮਧਾਣਾ ਫੇਰ ਕੇ ਅਤੇ ਬਿਲੋਵਨਾ ਬਿਲੋਇ ਕੇ ਜਦੋਂ ਤੱਕ ਮੱਖਣ ਕਢ ਕੇ ਦੇਖਿਆ ਤਾਂ ਇਸ ਅਨੂਪਮ ਗੱਲ ਦਾ ਨਿਤਾਰਾ ਹੋਇਆ ਕਿ ਗੁਰੂ ਅਤੇ ਗੋਬਿੰਦ ਦੀ ਅਰੂਪ ਸਰੂਪੀ ਜੋਤਿ ਆਭਾ ਇਕੋ ਹੈ ਅਤੇ ਇਕ-ਮਿਕ ਮੀਕੇ ਸਰੂਪ ਵਿਚ ਚਮਤਕਾਰ ਹੋ ਕੇ ਆਪਣੀਆਂ ਨਿਰਾਲੀਆਂ ਡਲ੍ਹਕਾਂ ਡਲ੍ਹਕਾਉਂਦੇ ਹਨ। ਯਥਾ ਗੁਰਵਾਕ—

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥

[ਆਸਾ ਛੰਤ ਮ: ੪, ਪੰਨਾ ੪੪੨

ਜਿਨ੍ਹਾਂ ਨੇ ਆਪਣੇ ਨੇਤਰਾਂ ਨਾਲ ਅਦਿਸਟ ਅਗੋਚਰ ਪ੍ਰਭੂ ਪਰਮਾਤਮਾ ਨੂੰ ਦੇਖਿਆ ਹੈ ਤਿਨ੍ਹਾਂ ਗੁਰਮੁਖ ਜਨਾਂ ਲਈ ਦਸਮ ਦੁਆਰ ਦੀ ਅਨਹਦ ਸ਼ਬਦ ਵਾਲੀ ਅਜ਼ਗੈਬੀ ਲੀਲ੍ਹਾ ਨੂੰ ਪੇਖਣਾ ਪਰਖਣਾ ਭੀ ਸੁਖੈਨ ਹੈ। ਉਹ ਪ੍ਰਾਪਤੀ ਦੀ ਖ਼ੁਸ਼-ਮਸਤੀ ਵਿਚ ਆਮੁਹਾਰੇ ਐਉਂ ਪੁਕਾਰ ਉਠੇ ਹਨ—

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥


www.AKJ.Org

ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥

[ ਆਸਾ ਮ: ੫ ਛੰਤ ਘਰੁ ੧, ਪੰਨਾ ੪੫੨

ਪੰਜ ਪਿਆਰਿਆਂ ਰੂਪੀ ਸਾਜਨ ਸੰਤ ਵਿਚੋਲਿਆਂ ਦੁਆਰਾ ਅੰਮ੍ਰਿਤ ਦੇ ਗਟਾਕ ਛਕ ਕੇ ਤ੍ਰਿਪਤ ਅਘਾਇਆਂ ਉੱਤਮ ਜਨਾਂ ਜਗਿਆਸੂਆਂ ਨੂੰ ਜਦੋਂ ਪਹਿਲੇ ਸਜਰੇ ਸੁਹਾਗ ਭਾਗ ਦੀ ਜਾਗ ਲਗਦੀ ਹੈ ਤਾਂ ਉਹ ਪਰਮ ਅਨੰਦ ਦੀ ਮਸਤੀ ਵਿਚ ਡੁਲ੍ਹ ਡੁਲ੍ਹ ਕੇ ਅਨਹਦਾਣੀ ਪੁਕਾਰ, ਪੁਕਾਰ ਉਠਦੇ ਹਨ। ਉਹਨਾਂ ਦੀ ਇਹ ਪੁਕਾਰ ਭੀ ਭਾਉ-ਭਗਤੀ ਭਰਿਆ ਬਿਸਮਾਦ-ਨਾਦੀ ਕੀਰਤਨ-ਜਜ਼ਬਾ ਹੁੰਦਾ ਹੈ, ਜੋ ਧੁਰ ਅਗੰਮੀ ਤ੍ਰੰਗ ਕਾਂਗ ਸਾਂਗ ਬੇਧਿਆ, ਗੂੰਜ ਉਠਦਾ ਹੈ। ਇਹ ਭੀ ਪਰਮ ਭਾਣੇ ਅੰਦਰ ਹੀ ਐਸਾ ਹੁੰਦਾ ਹੈ। ਗੁਰੂ ਨਿਰੰਕਾਰੀ ਜੋਤੀਸ਼ ਪਾਤਸ਼ਾਹੀਆਂ ਦੇ ਮੁਖਾਰਬਿੰਦੋਂ ਇਸ ਪ੍ਰਕਾਰ ਦੇ ਇਲਾਹੀ ਨਾਦ ਬਿਸਮਾਦ ਤ੍ਰੰਗ ਜਜ਼ਬੇ ਆ-ਮੁਹਾਰੇ ਨਿਕਸੇ ਨਿਕਸਾਏ ਹਨ। ਅਕਾਲਪੁਰਖ ਨੇ ਆਪ ਇਹ ਅਕਾਸ਼ਬਾਣੀ ਸਤਿਗੁਰੂ ਸਾਹਿਬਾਨ ਦੇ ਮੁਖਾਰਬਿੰਦੋਂ ਨਿਕਸਾਈ ਹੈ ਕਿ ਅਸ਼ਰਧਕ ਸੰਸਾਰੀਆਂ ਲਈ ਏਸ ਦੀ ਸ਼ਹਾਦਤ ਮਈ ਸਾਖਾ ਕਾਇਮ ਹੋ ਜਾਵੇ ਕਿ ਅਦਿਸ਼ਟ ਅਗੋਚਰ ਬਿਵਸਥਾਵਾਂ ਤੇ ਤਿਨ੍ਹਾਂ ਬਿਵਸਥਾਵਾਂ ਦੇ ਸਰ-ਚਸ਼ਮੇ ਦੇ ਗੁਪਤੋਂ ਪਰਗਟ ਹੋਣ ਦੀ, ਸਾਖਸ਼ਾਤਕਾਰ ਹੋਣ ਦੀ ਪੱਕੀ ਅਥਾਰਿਟੀ (ਸਨਦ) ਦਾ ਧੁਰਵਾ ਬੱਝ ਜਾਵੇ, ਤਾਕਿ ਕੋਈ ਗੁਰਸਿਖ ਮੁਕਰੀ ਖਾ ਕੇ ਪਿਛਾਹਾਂ ਨੂੰ ਮੋੜਵਾ ਨਾ ਮੋੜ ਸਕੇ, ਸਗੋਂ ਅਗਾਹਾਂ ਨੂੰ ਤਾਂਘਣ ਦੀ ਚੜ੍ਹਦੀ ਕਲਾ ਵਿਚ ਰਹੇ। ਦੇਖੋ! ਗੁਰਸਿਖਾਂ ਦੇ ਸਿਰਤਾਜ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਅਨਹਦ ਸ਼ਬਦ ਪ੍ਰਥਾਇ ਆਪਣੇ ਮੁਖ ਕਮਲ ਤੋਂ ਉਚਰੀ ਸੱਚੀ ਅਥਾਰਿਟੀ ਦਾ ਕੈਸਾ ਅਦਭੁਤ ਪ੍ਰਮਾਣ ਦਿੰਦੇ ਹਨ—

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ ॥
ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥
ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥
ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ ॥
ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ ॥
ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵਨਿਧਿ ਪਾਈ ॥੩॥ [ਆਸਾ ਛੰਤ ਮ: ੫, ਪੰਨਾ ੪੫੨-੫੩

ਸਤਿਗੁਰ ਦੇ ਹੁਕਮ, ਹੁਕਮਾਂ ਸਿਰ ਸਰਬ ਉਤਮ ਹੁਕਮ—ਗੁਰਮਤਿ ਨਾਮ ਨੂੰ ਕਮਾਵਣਹਾਰੇ ਗੁਰਮੁਖ ਜਨ ਨੇ ਪਰਤੱਖ ਪਰਤਿਆ ਕੇ ਦੇਖ ਲਿਆ ਹੈ ਕਿ ਅਤੁੱਟ ਨਾਮ ਅਭਿਆਸ ਕਮਾਈ ਕੀਤਿਆਂ ਉਪਰਲੇ ਗੁਰ ਪ੍ਰਮਾਣ ਅੰਦਰ ਦਰਸਾਏ ਸਾਰੇ ਹੀ ਪ੍ਰਮਾਰਥ ਸਿੱਧ ਹੋ ਜਾਂਦੇ ਹਨ। ਨਾਮ ਦਾ ਜੋਤਿ ਬੀਜਲਾਰੀ ਜ਼ਹੂਰ ਜਦੋਂ ਘਟ ਅੰਤਰ ਹੀ ਅਗੰਮੋਂ ਚਮਤਕ੍ਰਿਤ ਹੁੰਦਾ ਹੈ ਤਾਂ ਨਿਧਾਂ ਸਿਰ ਨਿਧ ਵਾਹਿਗੁਰੂ ਦੇ ਦਰਸ਼ਨਾਂ ਦਾ ਨਿਕਟ ਤੋਂ ਨਿਕਟ ਅੰਦਰ ਆਇ ਖਲੋਵਨਾ ਇਕ ਸਹਿਜ ਸੁਭਾਈ, ਹੱਥਾਂ ਉਤੇ ਸਰੋਂ ਜਮਾਉਣ ਵਾਲੀ ਸਾਮਰਤਖ ਦੀਦ-ਬਾਜ਼ੀ ਹੋ ਜਾਂਦੀ ਹੈ। ਤਦੋਂ ਸਭ ਗਣਤਾਂ ਮਿਟ ਜਾਂਦੀਆਂ ਹਨ, ਮਨ ਦੀਆਂ ਸਭ ਧਾਵਣੀਆਂ ਚੁਕ ਜਾਂਦੀਆਂ ਹਨ, ਚਿੰਤਾ ਚਿਤਵਨੀਆਂ ਸਭ ਕਾਫੂਰ ਹੋ ਜਾਂਦੀਆਂ ਹਨ। ਫੁਰਾਟੇ ਮਾਰ ਕੇ ਅੰਦਰੋਂ ਹੀ ਗੋਬਿੰਦ ਗੱਜ ਉਠਦਾ ਹੈ ਅਤੇ ਸਦ ਨਵਤਨ ਮਨ-ਰੰਗੀ ਅਚਰਜ ਸੋਭਾ ਬਣ ਸੋਭਦੀ ਹੈ। ਪਿਰੀ ਪ੍ਰੀਤਮ ਵਾਹਿਗੁਰੂ ਦਾ ਸਨਮੁਖੀ ਦਰਸ਼ਨ ਦੀਦਾਰ ਅਤੇ ਅੰਕ-ਅੰਕ-ਮੇਲੀਆ-ਮਿਲਾਪ ਜਦੋਂ ਹੋ ਜਾਂਦਾ ਹੈ ਤਾਂ ਹੀ ਸੱਚੀ ਨਿਧ ਨਿਧਾਨ ਮਨੋਰਥ ਮੁਰਾਦ ਪੂਰੀ ਹੁੰਦੀ ਹੈ। ਆਨ ਨਿਧੀਆਂ, ਰਿੱਧੀਆਂ, ਸਿੱਧੀਆਂ ਸਭ ਹੇਚ ਪ੍ਰਤੀਤ ਹੁੰਦੀਆਂ ਹਨ।

['ਅਨਹਦ ਸ਼ਬਦ ਦਸਮ ਦੁਆਰ' ਪੁਸਤਕ ਵਿਚੋਂ


www.AKJ.Org

# ਕੀਰਤਨ ਦੀ ਮਹੱਤਤਾ

[ਪ੍ਰਿੰਸੀਪਲ ਸਜਣ ਸਿੰਘ ਜੀ 618—ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ—197]

ਗੁਰਸਿੱਖਾਂ ਦਾ ਹਰੇਕ ਨਵਾਂ ਦਿਹਾੜਾ ਨਾਮ ਅਭਿਆਸ, ਨਿੱਤਨੇਮ, ਸੁਖਮਨੀ ਸਾਹਿਬ ਤੇ ਆਸਾ ਦੀ ਵਾਰ ਤੋਂ ਆਰੰਭ ਹੁੰਦਾ ਹੈ। ਗੁਰਮੁਖ ਜਨਾਂ ਦੇ ਜੀਵਨ ਤੋਂ ਸੇਧ ਮਿਲਦੀ ਹੈ ਕਿ ਗੁਰਬਾਣੀ ਦਾ ਪਾਠ, ਨਾਮ ਅਭਿਆਸ ਤੇ ਕੀਰਤਨ ਦੇ ਸੰਗਮ ਵਿਚ ਸਹਜ ਅਵਸਥਾ, ਪ੍ਰੇਮ ਭਾਵਨਾ, ਚਾਅ ਉਮਾਹ ਤੇ ਖੇੜੇ ਦਾ ਰਸ ਭਰਨ ਦੀ ਤਾਸੀਰ ਹੈ। ਕਿਸੇ ਇਕ ਦੀ ਘਾਟ ਕਾਰਨ, ਅਧਿਆਤਮਕ ਜੀਵਨ ਵਿਚ, ਜੇ ਬਦ-ਕਿਸਮਤੀ ਨਾਲ ਨਾਮ ਰਸ ਵਿਚ ਗਿਰਾਵਟ ਆ ਜਾਵੇ ਤਾਂ ਇਹ ਅਨਹੋਣੀ ਗੱਲ ਨਹੀਂ ਹੁੰਦੀ।

ਕੀਰਤਨ ਨੂੰ ਜਿੰਨਾ ਉੱਚਾ ਦਰਜਾ ਸਿੱਖ ਧਰਮ ਵਿਚ ਮਿਲਿਆ ਹੈ, ਏਨਾ ਹੋਰ ਕਿਸੇ ਧਰਮ ਵਿਚ ਨਹੀਂ। ਇਹ ਤੱਥ ਦਲੀਲਬਾਜ਼ੀ ਦਾ ਮੁਥਾਜ ਨਹੀਂ। ਇਸ ਦਾ ਮੁੱਖ ਕਾਰਨ ਕੀਰਤਨ ਦੇ ਵਿਲੱਖਣ ਰੂਪ ਦਾ ਦੈਵੀ ਪ੍ਰਭਾਵ ਹੈ। ਇਸ ਦੀ ਮਹਿਮਾ ਪਰੇ ਤੋਂ ਪਰੇ ਹੈ। ਇਹ ਦੁਰਲੱਭ ਵਸਤੂ ਹੈ, ਨਿਰਮੋਲਕ ਹੀਰਾ ਹੈ, ਜਿਸ ਦੇ ਗੁਣਾਂ ਦਾ ਮੂਲਾਂਕਣ ਨਾਮਧਾਰੀਕ ਪਾਰਖੂਆਂ ਦੀਆਂ ਅੱਖਾਂ ਦੁਆਰਾ ਨਹੀਂ ਪੈਂਦਾ। ਨਿਰਸੰਦੇਹ ਅਸੀਂ ਜਨਮ ਕਰਕੇ ਵਡਭਾਗੀ ਹਾਂ, ਜਿਨ੍ਹਾਂ ਦੀਆਂ ਕੁਮਲਾਈਆਂ ਰੂਹਾਂ ਨੂੰ ਪ੍ਰਫੁੱਲਤ ਕਰਨ ਹਿੱਤ ਸਤਿਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਵਿਸ਼ੇਸ਼ਤਾ ਪ੍ਰਗਟਾਈ ਤੇ ਉਪਦੇਸ਼ ਦੁਆਰਾ ਦ੍ਰਿੜ੍ਹਾਈ।

ਹਜ਼ੂਰ ਨੇ ਨਦਰਿ ਰਹਿਮਤ ਕਰ ਕੇ ਆਪਣੇ ਸਾਥੀ ਭਾਈ ਮਰਦਾਨਾ ਨੂੰ ਕੀਰਤਨ ਕਰਨ ਤੇ ਸਾਜ਼ ਦੀ ਵਰਤੋਂ ਕਰਨ ਦੀ ਬਖ਼ਸ਼ਸ਼ ਕੀਤੀ। ਇਸ ਦੇ ਬਾਅਦ ਮਰਦਾਨੇ ਦੀ ਸੰਤਾਨ ਨੂੰ ਗੁਰੂ ਦਰਬਾਰ ਵਿਚ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੁੰਦਾ ਰਿਹਾ। ਸੱਤਾ ਬਲਵੰਡ ਦੇ ਹੰਕਾਰ ਭਰੇ ਬਚਨਾਂ ਨੂੰ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਨਾ-ਕੇਵਲ ਆਪ ਸਿਰੰਦਾ ਫੜ ਕੇ ਕੀਰਤਨ ਕਰਨਾ ਆਰੰਭ ਕੀਤਾ, ਬਲਕਿ ਪਿਆਰੇ ਅਧਿਕਾਰੀ ਗੁਰਸਿਖਾਂ ਨੂੰ ਸੰਗੀਤ ਵਿਦਿਆ ਦੀ ਸਿਖਲਾਈ ਦਾ ਪ੍ਰਬੰਧ ਕਰਕੇ ਨਿਪੁੰਨ ਕੀਤਾ।

ਕੀਰਤਨ ਗੁਰਬਾਣੀ ਤੇ ਮਨ ਨੂੰ ਇਕਾਗਰ ਕਰਨ ਵਾਲੇ ਰਾਗ ਦਾ ਸੁਮੇਲ ਹੈ। ਕੁਦਰਤੀ ਤੌਰ ਤੇ ਮਾਹਰ ਕੀਰਤਨੀਏ ਦੁਆਰਾ ਸੱਚੀ ਬਾਣੀ ਦੀ ਕੀਰਤੀ ਏਨੀ ਪ੍ਰਭਾਵ ਪੂਰਨ ਸਿੱਧ ਹੁੰਦੀ ਹੈ ਕਿ ਭਟਕਦਾ ਮਨ ਸਹਿਜੇ ਹੀ ਇਕਾਗਰ ਹੁੰਦਾ ਹੈ, ਪੱਥਰ-ਦਿੱਲ ਦ੍ਰਵ ਕੇ ਮੋਮ ਦੀ ਖ਼ਾਸੀਅਤ ਧਾਰਨ ਕਰਦਾ ਹੈ, ਮਨ ਨਿਰਮਲ ਹੋਇ ਕੇ ਅਕਾਲ ਪੁਰਖ ਦੀ ਉਸਤਤਿ ਵਿਚ ਟਿਕਦਾ ਹੈ। ਪ੍ਰੇਮ, ਉਮੰਗ ਦਾ ਜਜ਼ਬਾ ਤੀਬਰ ਹੋ ਕੇ, ਸੁਰਤੀ ਨੂੰ ਆਤਮਕ ਮੰਡਲ ਦੀਆਂ ਸਿਖਰਾਂ ਤਕ ਪਹੁੰਚਾਉਂਦਾ ਹੈ। ਜਿਨ੍ਹਾਂ ਧਰਮਾਂ ਜਾਂ ਉਪ-ਧਰਮਾਂ ਨੇ ਕੀਰਤਨ ਦੇ ਰੱਬੀ ਗੁਣਾਂ ਦੀ ਪਛਾਣ ਨਹੀਂ ਕੀਤੀ, ਉਨ੍ਹਾਂ ਦੀ ਹੇਠੀ ਕਰਨੀ ਜਾਂ ਨਿੰਦਿਆ ਕਰਨੀ ਗੁਰਸਿੱਖ ਨੂੰ ਬਿਲਕੁਲ ਨਹੀਂ ਸੋਭਦੀ, ਪਰ ਇਸ ਸਚਾਈ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜਾ ਬਿਰਹਾ, ਵੈਰਾਗ, ਅਗੰਮੀ ਰਸ, ਅਨੰਦ, ਸਰੂਰ, ਚੜ੍ਹਦੀ ਕਲਾ ਜਾਂ ਦਰਸ-ਮਿਲਾਵੜਾ-ਉਤਸ਼ਾਹ ਇਸ ਕੀਰਤਨ ਤੋਂ ਉਪਜਦਾ ਹੈ, ਉਸ ਦੀ ਘਾਟ ਕਿਸੀ ਹੋਰ ਵਿਧੀ ਦੁਆਰਾ ਪੂਰੀ ਹੁੰਦੀ ਸੰਭਵ ਪ੍ਰਤੀਤ ਨਹੀਂ ਹੁੰਦੀ।

ਕਥਾ, ਕਹਾਣੀਆਂ, ਸਾਖੀਆਂ, ਢਾਡੀਆਂ ਦੀਆਂ ਵਾਰਾਂ, ਕਵਿਤਾਵਾਂ ਦਾ ਉੱਚਾਰਨ, ਇਹ ਸਭ ਆਪਣੇ ਥਾਂ ਮੁਬਾਰਕ ਹਨ, ਪਰ ਜਿੱਥੇ ਨਿਰੋਲ ਕੀਰਤਨ ਦਾ ਰੂਪ ਹੋਵੇ, ਓਥੇ ਸੱਚੀ ਗੁਰਬਾਣੀ, ਜਾਂ ਗੁਰ ਪੰਥ ਦੁਆਰਾ ਪਰਵਾਨਤ ਲਿਖਤਾਂ : ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਆਦਿ ਦੀਆਂ ਰਚਨਾਵਾਂ ਦਾ ਗਾਉਣਾ ਸੋਭਾ ਪਾਉਂਦਾ ਹੈ। ਅਰਦਾਸ ਵਿਚ ਵੀ ਆਪਣੇ ਮਨ ਦੀ ਭਾਵਨਾ, ਬੇਨਤੀ, ਮੰਗ ਜਾਂ ਦੁੱਖ, ਪੀੜ ਦਾ ਸੁਨੇਹਾ ਆਪਣੇ ਸ਼ਬਦਾਂ ਰਾਹੀਂ ਪ੍ਰਗਟ ਕਰਨਾ ਵਾਜਬ ਹੈ, ਪਰ ਸਿੱਖ-ਜਗਤ ਵਿਚ ਮੰਨੇ ਪਰਮੰਨੇ, ਪ੍ਰਭੂ ਨਾਲ ਅਭੇਦ ਹੋਏ ਸੰਤਾਂ ਦੀਆਂ ਰੀਸਾਂ ਕਰਕੇ ਗੁਰਬਾਣੀ ਦੀ ਤੁਕ ਨੂੰ ਘਟਾ ਵਧਾ ਕੇ, ਵਿਗਾੜ ਕੇ, ਜਾਂ ਆਪੂੰ ਬਣਾਈ ਧਾਰਨਾ ਨੂੰ ਸੰਗੀਤਕ ਰੂਪ ਦੇ ਕੇ ਸੁਣਾਉਣਾ ਸਤਿਗੁਰ ਦੀ ਆਗਿਆ ਨੂੰ ਭੰਗ ਕਰਨਾ ਹੈ। ਕੋਈ ਗੀਤ ਗੁਰਬਾਣੀ ਤੁੱਲ ਨਹੀਂ ਹੋ



www.AKJ.Org

ਸਕਦਾ। ਨਾ ਹੀ ਗੁਰਬਾਣੀ ਨੂੰ ਛੁਟਿਆ ਕੇ ਗੀਤ ਦੇ ਸਤਹ ਤਕ ਪਹੁੰਚਾਉਣਾ ਹੈ। ਇਹ ਕਾਵਿਕ **ਰੂਪ ਵਿਚ,** ਧੁਰ ਦਰਗਾਹੋਂ ਵਰ੍ਹਿਆ ਬ੍ਰਹਮ ਬੀਚਾਰ ਦਾ ਨੂਰ ਹੈ। ਭਗਤ ਕਬੀਰ ਜੀ ਦਾ ਪਾਵਨ ਫੁਰਮਾਨ ਹੈ—

ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ, ਮਾਨਸ ਮਰਤੀ ਬਾਰ ॥੩॥
ਕੋਈ ਗਾਵੈ ਕੋ ਸੁਣੈ ਹਰਿਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ, ਅੰਤਿ ਪਰਮ ਗਤਿ ਪਾਇ ॥੪॥੫੫॥

[ਗਉੜੀ ਕਬੀਰ ਜੀਉ, ਪੰਨਾ ੩੩੫

ਨਾਮ ਸਿਮਰਨ ਤੇ, ਸਮੇਂ ਜਾਂ ਅਸਥਾਨ ਬਾਰੇ ਕੋਈ ਬੰਦਸ਼ ਨਹੀਂ ਹੈ। ਊਠਤ, ਬੈਠਤ, **ਸੋਵਤ, ਜਾਗਤ,** ਘਰ ਬਾਹਰ ਤੇ ਤੁਰਦੇ ਫਿਰਦੇ ਨਾਮ ਜਪਣ ਦੀ ਤਾਕੀਦ ਹੈ। ਪਰ ਕੀਰਤਨ ਦਾ ਪ੍ਰੋਗਰਾਮ ਹਰੇਕ **ਅਸਥਾਨ** ਤੇ ਨਹੀਂ ਸ਼ੋਭਦਾ। ਹੋਟਲਾਂ, ਕਲੱਬਾਂ, ਥੀਏਟਰਾਂ ਤੇ ਹੋਰ ਪਬਲਿਕ-ਸਥਾਨਾਂ ਵਿਚ, ਭਜਨਾਂ, ਗੀਤਾਂ, **ਗ਼ਜ਼ਲਾਂ** ਤੇ ਕਵੱਾਲੀਆਂ ਦਾ ਪ੍ਰੋਗਰਾਮ ਤਾਂ ਨਿਭ ਸਕਦਾ ਹੈ, ਪਰ ਇਨ੍ਹਾਂ ਦੇ ਮੁਕਾਬਲੇ ਵਿਚ ਕੀਰਤਨ ਕਰਨਾ **ਆਗਿਆ ਪਾਲਣ** ਹੈ ਜਾਂ ਹੁਕਮ-ਅਦੂਲੀ ਹੈ, ਗੁਰਸਿਖ ਸੰਗਤ ਨੂੰ ਸਮਝਾਉਣ ਦੀ ਗੁੰਜਾਇਸ਼ ਨਹੀਂ। ਥਾਂ ਕੁੱਥਾਂ ਕੀਰਤਨ ਕਰਨਾ ਗੁਰਸਿੱਖੀ ਦੇ ਪਰਚਾਰ ਦਾ ਸੁਚੱਜਾ ਢੰਗ ਨਹੀਂ ਗਿਣਿਆ ਜਾਂਦਾ। ਗੁਰਮਤਿ ਅਨੁਸਾਰ ਸਹੀ ਤੇ **ਉੱਤਮ ਪਰਚਾਰ** ਲਈ ਕੀਰਤਨ ਦੇ ਉਦੇਸ਼ ਨੂੰ ਸਮਝਣ ਤੇ ਕਮਾਉਣ ਦੀ ਲੋੜ ਹੈ।

ਸਿੱਖਣ ਸਿਖਾਉਣ, ਅਭਿਆਸ ਕਰਨ ਜਾਂ ਇਲਾਹੀ ਰੰਗ ਮਾਨਣ ਲਈ ਕੁਝ ਪ੍ਰੇਮੀਆਂ ਦਾ ਆਪਣੇ ਘਰ ਜਾਂ ਬਾਹਰ ਕਿਸੇ ਚੰਗੇ ਵਾਤਾਵਰਨ ਵਾਲੀ ਜਗ੍ਹਾ ਤੇ ਕੀਰਤਨ ਕਰਨਾ ਬਖ਼ਸ਼ਸ਼ ਦਾ ਪ੍ਰਗਟਾਵਾ **ਹੈ, ਜਿਵੇਂ** ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੇ ਨਿਕਟਵਰਤੀ ਪ੍ਰੇਮੀਆਂ ਨਾਲ ਉਜਾੜ ਬੀਆਬਾਨ **ਵਿਚ,** ਨਾਮ ਅਭਿਆਸ ਤੇ ਕੀਰਤਨ ਦੀਆਂ ਗੂੰਜਾਂ ਪਾ ਕੇ ਮਸਤੂਲਮਸਤ ਅਵਸਥਾ ਵਿਚ ਵਿਚਰਦੇ ਸਨ, **ਪਰ** ਪੇਸ਼ਾਵਰ ਕੀਰਤਨੀਆਂ ਨੂੰ, ਜਿਨ੍ਹਾਂ ਦਾ ਮੁੱਖ ਕਰਤੱਵ ਸੰਗਤ ਦੀ ਬਿਰਤੀ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ **ਜੋੜਨਾ ਹੈ,** ਗੁਰਮਤਿ ਪਾਬੰਦੀ ਜਾਂ ਗੁਰ ਪੰਥ ਦੁਆਰਾ ਲਾਈ ਬੰਦਸ਼ ਤੋਂ ਬਾਹਰ ਜਾਣਾ ਸੋਭਨੀਕ ਨਹੀਂ।

ਕੀਰਤਨ ਦਾ ਮੁੱਖ ਉਦੇਸ਼, ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੱਚੀ ਬਾਣੀ ਦਾ ਕੀਰਤਨ ਸੁਣਾ ਕੇ ਪ੍ਰਸੰਨਤਾ ਪ੍ਰਾਪਤ ਕਰਨੀ ਹੈ। ਸੰਗਤ ਸ੍ਰੋਤਾ ਦੇ ਰੂਪ ਵਿਚ ਕੀਰਤਨ ਸ੍ਰਵਣ ਕਰ ਕੇ ਆਨੰਦ ਮਾਣਦੀ ਹੈ। ਕੀਰਤਨੀਏ ਜਿੰਨਾ ਅਧਿਕ ਗੁਰਦੇਵ ਜੀ ਨਾਲ ਜੁੜਨਗੇ, ਉੱਨਾ ਹੀ ਸੰਗਤ ਕੀਰਤਨ ਨਾਲ ਜੁੜੇਗੀ। ਜਿੱਥੇ ਗੁਰੂ ਵੱਸਦਾ ਹੈ, ਉਹ ਗੁਰੂ ਅਸਥਾਨ ਹੈ, ਗੁਰਦੁਆਰਾ ਹੈ। ਏਥੇ ਸਰੋਤਿਆਂ ਬਿਨਾਂ ਵੀ ਕੀਰਤਨ ਪਰਵਾਨ ਹੈ, ਪਰ ਸੱਚੇ ਗੁਰਦੇਵ ਦੀ ਗ਼ੈਰ-ਹਾਜ਼ਰੀ ਵਿਚ ਕੀਰਤਨ ਸੁਣਾਉਣਾ ਗੁਰਮੁਖਤਾਈ ਨਹੀਂ ਹੈ, ਭਾਵੇਂ ਸਰੋਤਿਆਂ ਦੀ ਸੰਖਿਆ ਕਿੰਨੀ ਵੀ ਹੋਵੇ। ਸੱਚੇ ਗੁਰਦੇਵ ਦੀ ਹਾਜ਼ਰੀ ਸਰੋਤਿਆਂ ਨੂੰ ਸੰਗਤ ਵਿਚ ਬਦਲ ਦਿੰਦੀ ਹੈ। ਹਜ਼ੂਰ ਦਾ ਮੁੱਖ ਵਾਕ ਹੈ :—

ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥
ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥
ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ॥੧॥ਰਹਾਉ ਦੂਜਾ ॥੧੨॥੮੧॥

[ਗਉੜੀ ਗੁ: ਮ: ੫, ਪੰਨਾ ੧੭੯

ਇਸ ਗੁਰਵਾਕ ਦੀਆਂ ਮੁਢਲੀਆਂ ਪੰਗਤੀਆਂ ਰਾਹੀਂ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਐ ਜੀਵ, ਮਨ ਨੂੰ ਮਾਇਆ, ਅਕਲ, ਸਿਆਣਪ, ਸ਼ਾਹੀ ਠਾਠ, ਗਾਣੇ ਗੀਤ, ਨਾਟਕ ਅਖਾੜੇ, ਤੇ ਛਤੀਹ ਪ੍ਰਕਾਰ ਦੇ ਭੋਜਨ ਤੋਂ ਤ੍ਰਿਪਤੀ ਨਹੀਂ ਮਿਲਣੀ, ਤਾਂ ਤੇ ਸੰਤ ਜਨਾਂ ਦੇ ਸ਼ਰਨੀ ਪੈ ਜਾ ਤੇ ਸਦੀਵੀ ਸੁੱਖ ਦੀ ਪ੍ਰਾਪਤੀ ਦੀ ਸਫਲ ਜੁਗਤਿ ਉਨ੍ਹਾਂ ਤੋਂ ਪੁੱਛ। ਸੰਤਾਂ ਨੇ ਕਿਰਪਾ ਕਰਕੇ ਸਾਧ ਸੰਗਤਿ ਵਿਚ ਹਰਿ ਕੀਰਤਨ ਗਾਉਣ, ਸੁਣਾਉਣ ਤੇ ਸ੍ਰਵਣ ਕਰਨ


www.AKJ.Org

ਦਾ ਮਾਰਗ ਦੱਸਿਆ । ਹਜ਼ੂਰ ਪ੍ਰਸ਼ਨ ਕਰਦੇ ਹਨ :—

ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ ਰਹਾਉ॥ (ਪੰਨਾ ੩੮੫)

ਇਸ ਦਾ ਢੁੱਕਵਾਂ ਉੱਤਰ ਭੀ ਆਪ ਇਸੇ ਸ਼ਬਦ ਵਿਚ ਦਿੰਦੇ ਹਨ—

ਸਾਧ ਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ਰਹਾਉ ਦੂਜਾ ॥੫੮॥ (ਪੰਨਾ ੩੮੫)

ਮਹਾਨ ਕੀਰਤਨੀਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਮਹਾਨਤਾ ਤੇ ਵਡਿਆਈ ਵਿਸਥਾਰ ਰੂਪ ਵਿਚ ਦ੍ਰਿਸ਼ਟਾਈ ਹੈ । ਦੁੱਖਾਂ, ਕਲੇਸ਼ਾਂ, ਮੁਸ਼ਕਲਾਂ ਤੋਂ ਨਿਜਾਤ ਪਾਉਣ ਦੇ ਇਲਾਵਾ, ਤਨ, ਮਨ ਸੀਤਲ ਹੋਣਾ, ਧਾਵਤ ਮਨ ਦਾ ਨਿਹਚੱਲ ਹੋਣਾ, ਹਿਰਦਾ ਨਾਮ ਦੁਆਰਾ ਸਿੰਜਿਆ ਜਾਣਾ (ਜਿਵੇਂ ਵਰਖਾ ਦਾ ਪਾਣੀ ਸੁੱਕੀ ਪੈਲੀ ਨੂੰ ਸਿੰਜਦਾ ਹੈ), ਅਨਹਦ ਧੁਨੀ ਦਾ ਸੁਨਣਾ, ਮੂਧੇ ਪਏ ਹੋਏ ਕੰਵਲ ਦਾ ਖਿੜ ਕੇ ਸਿੱਧਾ ਹੋਣਾ, ਆਦਿ ਉੱਚ ਅਵਸਥਾਵਾਂ ਦਾ ਵੀ ਜ਼ਿਕਰ ਕੀਤਾ ਹੈ । ਪਰ ਇਨ੍ਹਾਂ ਦੀ ਪ੍ਰਾਪਤੀ ਗੁਰ-ਮੰਤਰ ਦੀ ਕਮਾਈ ਦੁਆਰਾ ਹੀ ਸੰਭਵ ਹੈ । ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :—

ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ ...੧॥
ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥ਰਹਾਉ॥ ..
ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥
ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥
(ਗਉੜੀ ਮ: ੫, ਪੰਨਾ ੨੩੬)

ਇਹ ਬਖ਼ਸ਼ਸ਼ਾਂ ਦਾ ਭੰਡਾਰ, ਅਖੰਡ ਕੀਰਤਨ ਦੀ ਬਦੌਲਤ ਹੈ, ਐਸਾ ਅਖੰਡ ਕੀਰਤਨ ਜਿਸ ਵਿਚ ਲਗਾਤਾਰ ਅਕਾਲ ਉਸਤਤਿ ਦਾ ਪਰਵਾਹ ਚੱਲੇ, ਭਾਸ਼ਣ, ਲੈਕਚਰ, ਵਿਆਖਿਆ ਤੇ ਕੱਚੀ ਬਾਣੀ ਤੋਂ ਰਹਿਤ ਹੋਵੇ, ਜਜ਼ਬਾਤ ਭੜਕਾਊ ਤਰਜ਼ਾਂ ਤੇ ਮਨ ਖਿੰਡਾਉਣ ਵਾਲੀਆਂ ਧੁਨੀਆਂ ਤੋਂ ਮੁਕਤ ਹੋਵੇ । ਅਖੰਡ ਕੀਰਤਨ ਦਾ ਵਿਸ਼ਾ ਕੇਵਲ ਵਹਦੀਅਤ ਹੈ ਤੇ ਇਸ ਦਾ ਬਹੁ-ਪੱਖੀ ਰੂਪ ਅਤੀ ਪ੍ਰਭਾਵਸ਼ਾਲੀ ਹੈ ।

ਕੀਰਤਨ ਮੁਰਦਾ ਰੂਹਾਂ ਵਿਚ ਨਵੀਂ ਜ਼ਿੰਦਗੀ ਭਰਨ ਵਾਲੀ ਇਕ ਸੰਜੀਵਨੀ ਬੂਟੀ ਹੈ । ਇਸ ਦਾ ਅਚੂਕ ਪ੍ਰਭਾਵ ਨਾ-ਕੇਵਲ ਮਨੁੱਖੀ ਹਿਰਦੇ ਤੇ ਪੈਂਦਾ ਹੈ, ਬਲਕਿ ਜਾਨਵਰਾਂ, ਪੰਛੀਆਂ, ਪਸ਼ੂਆਂ, ਪ੍ਰੇਤਾਂ ਦੀਆਂ ਪਤਿਤ ਬਿਰਤੀਆ ਵੀ ਅਗੰਮੀ ਸੁਆਦ ਨਾਲ ਅਨੰਦਤ ਹੁੰਦੀਆਂ ਹਨ । ਫ਼ੁਰਮਾਨ ਹੈ :—

ਮਿਰਤਕ ਕਉ ਪਾਇਓ ਤਨਿ ਸਾਸਾ, ਬਿਛੁਰਤ ਆਨਿ ਮਿਲਾਇਆ ॥
ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥੧॥
ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ਰਹਾਉ॥੨੧॥
(ਸੋਰਠਿ ਮਹਲਾ ੫, ਪੰਨਾ ੬੧੪)

ਇਸ ਤਰ੍ਹਾਂ ਦੀ ਮਹਾਨ ਇਨਕਲਾਬੀ ਕਲਾ ਵਰਤਾਉਣੀ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ । ਆਪ ਜੀ ਤੋਂ ਪਹਿਲਾਂ ਕੀਰਤਨ ਦਾ ਇਹ ਸੁੰਦਰ ਸਰੂਪ ਤੇ ਇਸ ਦਾ ਅੰਮ੍ਰਿਤ-ਮਈ ਪ੍ਰਭਾਵ ਕਲਜੁਗੀ ਜੀਵਾਂ ਦੇ ਕਲਿਆਣ ਲਈ ਪ੍ਰਗਟ ਨਹੀਂ ਸੀ ਹੋਇਆ । ਬਗਦਾਦ ਸ਼ਹਿਰ ਵਿਚ ਹਜ਼ੂਰ ਦੀ ਬਾਂਗ (ਅੰਮ੍ਰਿਤ ਵੇਲੇ ਰੱਬੀ ਕੀਰਤਨ ਦਾ ਅਲਾਪ) ਤੇ ਮਰਦਾਨੇ ਦੀ ਰਬਾਬ ਦੇ ਜਾਦੂ ਨੇ ਸਾਰੀ ਨਗਰੀ ਸੁੰਨ-ਮੁੰਨ ਕਰ ਦਿੱਤੀ, ਕੁਦਰਤਿ ਖ਼ਾਮੋਸ਼ ਹੋ ਗਈ, ਬਨਸਪਤੀ ਦਾ ਪੱਤਾ ਪੱਤਾ ਅਹਿੱਲ ਹੋ ਗਿਆ, ਪਸ਼ੂ ਪੰਛੀ ਵਜਦ ਵਿਚ ਆ ਕੇ ਸ਼ਬਦ-ਧੁਨੀ ਵਿਚ ਲੀਨ ਹੋ ਗਏ । ਖ਼ੁਦ-ਪ੍ਰਸਤ ਬੰਦਿਆਂ ਦੇ ਫੁਰਨਿਆਂ ਦਾ ਅਭਾਵ ਹੋ ਗਿਆ, ਮਨਾਂ ਵਿਚ ਸੁੰਨ ਅਵਸਥਾ ਜਿਹੀ ਛਾ ਗਈ, ਆਤਮਾ ਨੂੰ ਵਾਸ਼ਨਾ ਦੀ ਭੁੱਖ ਤੋਂ ਨਿਜਾਤ ਮਿਲ ਗਈ, ਜਿਵੇਂ ਕਿ ਅਕਹਿ ਅੰਨੰਦ ਸਰੂਰ ਦੀ ਖ਼ੁਰਾਕ ਮਿਲ ਗਈ ਹੋਵੇ । ਇਸ ਅਜੀਬ ਕੌਤਕ ਦੇ ਸਦਕੇ, ਕਿਸ ਮੁਲਾਣੇ ਜਾ ਕਾਜ਼ੀ ਦੀ


www.AKJ.Org

ਹਿੰਮਤ ਨਹੀਂ ਪਈ, ਕਿ ਉਹ ਨਿਰਾਦਰ ਭਰੇ ਸ਼ਬਦਾਂ ਨਾਲ ਹਜ਼ੂਰ ਨਾਲ ਮੁਖ਼ਾਤਬ ਹੋ ਕੇ ਚਰਚਾ ਕਰਦਾ।

ਇਸ ਦੇ ਵਿਪਰੀਤ ਸਾਧਾਰਨ ਕੀਰਤਨੀਆਂ ਨੂੰ ਕਈ ਵਾਰ ਗਿਲਾ ਹੁੰਦਾ ਹੈ ਕਿ ਉਨ੍ਹਾਂ ਨੂੰ ਦਿੱਤੇ ਸਮੇਂ ਵਿਚ ਸਰੋਤਿਆਂ ਦੀ ਸੰਖਿਆ ਘੱਟ ਹੁੰਦੀ ਹੈ। ਐ ਮਨ, "ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥" (੪੧੪) ਉਨ੍ਹਾਂ ਦੇ ਰੱਬੀ ਕੀਰਤਨ ਦਾ ਮੁਅਜਜ਼ਾ ਤੱਕ, ਜਿਸ ਨੂੰ ਸੁਣ ਕੇ ਅਗਿਆਨੀ, ਪਸ਼ੂ, ਫਿਟਕਾਰੇ ਪਰੇਤ ਤੇ ਮੂਰਖ ਮੁਗਧ ਇਨਸਾਨ ਵੀ ਦ੍ਰਵ ਕੇ ਸਰੋਤੇ ਬਣ ਗਏ।

ਦੰਭੀ ਤੇ ਕਚਘਰੜ ਗੁਰੂ ਚੇਲਿਆਂ ਨੂੰ ਆਪਣੇ ਪਿਛੇ ਲਾਉਣ ਲਈ ਤੇ ਗੱਦੀ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆਪਣੇ ਮਨੋਰਥ ਦੀ ਪੂਰਤੀ ਲਈ ਉਚਿਤ ਉਪਦੇਸ਼ ਦੀ ਵਰਤੋਂ ਕਰਦੇ ਹਨ, ਪਰ ਅਨਗਿਣਤ ਗੁਣਾਂ ਦੇ ਭੰਡਾਰ ਵਿਚੋਂ ਜਾਣ ਬੁੱਝ ਕੇ ਅਤੇ ਵਿਸ਼ੇਸ਼ ਤੌਰ ਤੇ ਦੋ ਗੁਣਾਂ ਨੂੰ ਗ੍ਰਹਿਣ ਕਰਨ ਤੋਂ ਸਦਾ ਹੀ ਟਿਦਕਚਾਉਂਦੇ ਆਏ ਹਨ, ਉਹ ਹਨ :-(੧) ਸੱਚੀ ਬਾਣੀ ਦਾ ਕੀਰਤਨ, (੨) ਜਗਤ ਜੂਠ ਤਮਾਕੂ ਦੀ ਵਰਤੋਂ ਤੋਂ ਵਰਜਣਾ। ਮੱਕਾਰ ਆਦਮੀ ਭੋਲੇ ਤੇ ਅਨਜਾਣ ਨਹੀਂ ਹੁੰਦੇ, ਉਹ ਅਵੱਸ਼ ਜਾਣਦੇ ਹਨ ਕਿ ਕੀਰਤਨ, ਗੁਰਮਤਿ, ਨਾਮ ਦੀ ਮਹਿਮਾ ਤੇ ਮਨਮਤਿ ਨਾਮ ਦੇ ਪੋਲ ਨੂੰ ਉਜਾਗਰ ਕਰਦਾ ਹੈ ਤੇ ਜਗਤ ਜੂਠ ਤੇ ਲਾਈ ਪਾਬੰਦੀ ਚੰਦਨ-ਵਤ ਸੁਰਧਤ ਨਾਮ, ਉੱਦਮ, ਦਲੇਰੀ, ਸੂਟਮਗਤੀ ਤੇ ਅਣਖ ਦਾ ਜਜ਼ਬਾ ਉਤਪੰਨ ਕਰਦੀ ਹੈ। ਦੂਸਰੇ ਸ਼ਬਦਾਂ ਵਿਚ, ਉਨ੍ਹਾਂ ਨੂੰ ਇਹ ਤੌਖਲਾ ਤੇ ਸੰਸਾ ਰਹਿੰਦਾ ਹੈ ਕਿ ਦੋਹਾਂ ਗੁਣਾਂ ਦੇ ਪਰਚਾਰ ਨਾਲ ਸਿੱਖ ਧਰਮ ਦਾ ਵਕਾਰ ਹੋਰ ਉੱਚਾ ਹੋ ਕੇ ਜਗਤ ਵਿਚ ਚਮਕੇਗਾ। ਗੁਰ-ਸ਼ਬਦ ਤੇ ਅਗਿਆਨੀਆਂ ਦੀ ਪੂਜਾ ਬਾਰੇ ਗਿਆਨ ਰਤਨਾਵਲੀ ਵਿਚ ਲਿਖਿਆ ਹੈ :—"ਜਿਥੇ ਬਾਬੇ ਦਾ ਸ਼ਬਦ ਪੜ੍ਹੀਦਾ ਹੈ, ਓਥੇ ਮੜ੍ਹੀਆਂ ਤੇ ਮੱਟਾਂ ਦੀ, ਅਗਯਾਨੀਆਂ ਤੇ ਦੇਵੀ ਦੇਵਤਿਆਂ ਦੀ ਪੂਜਾ ਘੱਟ ਜਾਂਦੀ ਹੈ।" [ਟੀਕਾ ੨੭ਵੀਂ ਪੌੜੀ ਦਾ]

ਪ੍ਰੇਮਾ ਭਗਤੀ ਭਾਵਨਾ ਨਾਲ, ਮਿੱਠੀ ਸੁਰੀਲੀ ਧੁਨੀ ਵਿਚ ਗਾਈ ਗੁਰਬਾਣੀ ਰਸਾਇਣ ਦਾ ਰੂਪ ਧਾਰਦੀ ਹੈ। ਸਤਿਗੁਰੂ ਜੀ ਦਾ ਪਾਵਨ ਉਪਦੇਸ਼ ਹੈ ਕਿ ਅੰਮ੍ਰਿਤ ਰੂਪੀ ਕੀਰਤਨ ਦੀ ਛਹਿਬਰ ਪੱਥਰ ਦਿਲ ਨੂੰ ਮੋਮ ਕਰਕੇ ਨਿਰੰਕਾਰ ਦੇ ਦੇਸ ਪਹੁੰਚਾਵਣ ਦੀ ਕਲਾ ਵਰਤਾਉਣ ਦੇ ਸਮਰਥ ਹੈ। ਭਗਤ ਰਤਨਾਵਲੀ ਅਨੁਸਾਰ ਗੁਰੂ ਅਰਜਨ ਦੇਵ ਜੀ, ਆਪਣੇ ਸਿਖਾਂ : ਝਾੜੂ, ਮੁਕੰਦੂ ਤੇ ਕਿਦਾਰਾ ਨੂੰ ਬਚਨ ਕਰਦੇ ਹਨ, "ਤੁਸਾਂ ਨੂੰ ਰਾਗ ਦੀ ਸੋਝੀ ਹੈ ਤੇ ਕਲਿਯੁਗ ਵਿਚ ਕੀਰਤਨ ਦੀ ਸਮਾਨ ਹੋਰ ਕੋਈ ਜੋਗ ਤਪ ਨਹੀਂ, ਇਹ ਸ਼ਾਤਕੀ ਸਾਧਨ ਹੈ, ਤੁਸੀਂ ਕੀਰਤਨ ਕਰਿਆ ਕਰੋ।... ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ।"

ਐਸੀ ਜ਼ਾਹਰੀ ਕਲਾ ਹੈ, ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਦੀ। ਆਪਣੀ ਬਿਰਤੀ ਅਨੁਸਾਰ ਕਦੇ ਜ਼ਮੀਰ ਰੌਸ਼ਨ ਹੁੰਦੀ ਹੈ, ਕਦੇ ਪ੍ਰੇਮ-ਰੂਪੀ ਬਾਣ ਨਾਲ ਮਨ ਵਿੰਨ੍ਹਿਆ ਜਾਂਦਾ ਹੈ, ਕਦੇ ਰੂਹਾਨੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਕਦੇ ਪ੍ਰਭੂ ਚਰਨਾਂ ਵਿਚ ਲਿਵਲੀਨਤਾ। ਗੁਰਮੁਖਾਂ ਦਾ ਕਹਿਣਾ ਹੈ ਕਿ ਗਿਆਨ ਨਾਲ ਪ੍ਰਭੂ ਜਾਣਿਆ ਜਾਂਦਾ ਹੈ ਤੇ ਪ੍ਰੇਮਾ ਭਗਤੀ ਦੁਆਰਾ ਪਾਇਆ ਜਾਂਦਾ ਹੈ। ਇਹ ਦੋਨੋ ਪਰਕਾਰ ਦੀਆਂ ਬਰਕਤਾਂ ਕੀਰਤਨ ਵਿਚੋਂ ਵਰ੍ਹਦੀਆਂ ਹਨ।

ਕੀਰਤਨ ਨੇ ਮਾਨਸਕ ਅਵਸਥਾ ਵਿਚ ਮਹੱਤਵ-ਪੂਰਣ ਤਬਦੀਲੀਆਂ ਲਿਆਂਦੀਆਂ ਹਨ, ਜਿਨ੍ਹਾਂ ਦਾ ਵਰਨਣ ਹਜ਼ੂਰ ਨੇ ਬਹੁਤ ਵਿਸਥਾਰ ਨਾਲ ਕੀਤਾ ਹੈ।

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ਰਹਾਉ॥੬॥

(ਮਾਰੂ ਮ: ੫, ਪੰਨਾ ੧੦੦੦)


www.AKJ.Org

# ਟੂਟੀ ਗਾਢਨਹਾਰ ਗੋਪਾਲ

[ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ]

ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਸੁਖਮਨੀ ਸਾਹਿਬ ਦੀ ਪੰਦਰਵੀਂ ਅਸ਼ਟਪਦੀ ਦੀ ਉਦਘਾਟਨੀ ਪੰਕਤੀ ਵਿਚ ਫੁਰਮਾਉਂਦੇ ਹਨ—"ਟੂਟੀ ਗਾਢਨਹਾਰ ਗੁਪਾਲਾ ॥" (੨੮੨) ਸਤਿਗੁਰੂ ਭੁੱਲੇ ਭਟਕੇ, ਟੀਚੇ ਤੋਂ ਥਿੜਕੇ, ਕੁਰਾਹੇ ਪੈ ਗਏ, ਆਪਣੇ ਸ਼ਰਧਾਲੂਆਂ ਅਤੇ ਅਨੁਆਈਆਂ ਨੂੰ ਕੀਤੇ ਤੇ ਪਸ਼ਚਾਤਾਪ ਕਰਨ ਉਪਰੰਤ ਚਰਨੀ, ਸ਼ਰਨੀ ਲਾ ਕੇ ਬਖਸ਼ ਦਿੰਦੇ ਹਨ । "ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ"* ਦੇ ਮਹਾਂਵਾਕ ਅਨੁਸਾਰ ਸਤਿਗੁਰੂ ਜੀ "ਸੇਵਕ ਕਉ ਨਿਕਟੀ ਹੋਇ ਦਿਖਾਵੈ"† ਹਨ । ਸੇਵਕ ਜੋਦੜੀ ਕਰਦਾ ਹੈ, ਤਰਲੇ ਲੈਂਦਾ ਹੈ, ਬਖਸ਼ੇ ਜਾਣ ਲਈ ਐਉਂ ਵਾਸਤੇ ਪਾਂਦਾ ਹੈ—

(ੳ) ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥੧॥੪੪॥ (੬੧੯)

(ਅ) ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ ॥੧॥
(ਧਨਾਸਰੀ ਰਵਿਦਾਸ ਜੀ, ੬੯੪)

(ੲ) ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥...
ਇਕ ਅਰਦਾਸ ਭਾਟ ਕੀਰਤਿ ਕੀ ॥ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥
(ਸਵਈਏ ਮਹਲਾ ੪ ਕੇ, ਪੰਨਾ ੧੪੦੬)

ਸਤਿਗੁਰਾਂ ਤੋਂ ਵਿਛੜੀ ਬਿਹਬਲ ਹੋਈ ਸਚੀ ਆਤਮਾ ਪੁਕਾਰ ਕਰਦੀ ਹੈ ਕਿ ਸੱਚੇ ਪਾਤਸ਼ਾਹ, ਪਿਛਲੇ ਔਗੁਣ ਬਖਸ਼ ਕੇ, ਅੱਗੇ ਨੂੰ ਸਿੱਧਾ ਮਾਰਗ ਦਿਖਾਵੋ ।

ਕੁਝ ਅਜਿਹੀ ਹੀ ਦੁਰਦਸ਼ਾ ਸਤੇ ਅਤੇ ਬਲਵੰਡ, ਦੋਹਾਂ ਭਰਾਵਾਂ ਦੀ ਹੋਈ ਜਦੋਂ ਸਤਿਗੁਰੂ ਨਾਨਕ ਦੇਵ ਜੀ ਅਤੇ ਉਤਰਾਧਿਕਾਰੀ ਸਤਿਗੁਰਾਂ ਦੀ ਨਿੰਦਾ ਕਾਰਨ ਸਤਿਗੁਰੂ ਅਰਜਨ ਦੇਵ ਜੀ ਨੇ ਉਹਨਾਂ ਨੂੰ ਫਿਟਕਾਰ ਕੇ ਦੁਰਕਾਰ ਦਿੱਤਾ ਅਤੇ ਹੁਕਮ ਕੀਤਾ ਕਿ ਕੋਈ ਸਿੱਖ ਇਨ੍ਹਾਂ ਨੂੰ ਮੱਥੇ ਨਾ ਲਾਵੇ । ਦੋਨੋਂ ਕੋੜ੍ਹੀ ਹੋ ਗਏ, ਪਛਤਾਏ, ਪਰ ਸਤਿਗੁਰਾਂ ਦੇ ਨੇੜੇ ਕਿਵੇਂ ਆਂਦੇ ? ਅੰਤ ਭਾਈ ਲੱਧਾ ਜੀ ਪਰਉਪਕਾਰੀ, ਲਾਹੌਰ ਨਿਵਾਸੀ ਨੇ ਪੰਚਮ ਪਾਤਸ਼ਾਹ ਵਲੋਂ ਲਾਈ ਗਈ ਸ਼ਰਤ ਅਨੁਸਾਰ ਮੂੰਹ ਕਾਲਾ ਕਰ ਕੇ ਅਤੇ ਖੋਤੇ ਤੇ ਚੜ੍ਹ ਕੇ ਸਤਿਗੁਰਾਂ ਤਕ ਪਹੁੰਚਣ ਦਾ ਹੀਆ ਕੀਤਾ । ਸਤਿਗੁਰਾਂ ਨੇ "ਧੰਨ ਭਾਈ ਲੱਧਾ ਪਰਉਪਕਾਰੀ" ਆਖਦੇ ਹੋਏ ਭਾਈ ਜੀ ਨੂੰ ਜੱਫੀ ਵਿਚ ਲਿਆ, ਥਾਪੜਾ ਦਿੱਤਾ ਤੇ ਸਤੇ ਅਤੇ ਬਲਵੰਡ ਦੀ ਬਖਸ਼ੀ ਕੀਤੀ ।

ਇਉਂ ਹੀ ਸਤਿਗੁਰੂ ਦਸਮੇਸ਼ ਜੀ ਨੇ ਆਪਣੇ ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਾਈ, ਪ੍ਰਿਥੀ ਚੰਦ ਜੀ ਦੀ ਸੰਤਾਨ ਵਿਚੋਂ ਸੋਢੀ ਕੌਲ ਜੀ ਮੀਣੇ ਨੂੰ ਦਿਲਵਾਂ ਵਿਖੇ ੧੭੦੫ ਈਸਵੀ ਵਿਚ ਮੁਕਤਸਰ ਜਾਂਦੇ ਹੋਏ, ਮਾਫੀ ਦਿੱਤੀ ਅਤੇ ਪਰਿਵਾਰ ਨੂੰ ਸਿੰਘ ਸਜਾਇਆ । ਇਹਨਾਂ ਨੂੰ ਸਿੱਖੀ ਵਿਚੋਂ ਛੇਕਿਆ ਹੋਇਆ ਸੀ । ਦਸਮੇਸ਼ ਜੀ ਨੇ ਸੋਢੀ ਕੌਲ ਜੀ ਦੀ ਬੇਨਤੀ ਮੰਨ ਕੇ ਮਾਛੀਵਾੜੇ ਵਾਲਾ ਨੀਲਾ ਬਾਣਾ ਉਤਾਰ ਕੇ ਚਿੱਟੇ ਬਸਤਰ ਪਹਿਨੇ । ਟੁਟੀ ਗੰਢਣ ਦੀ ਪਰਪਾਟੀ ਸਿੱਖ ਧਰਮ ਦੀ ਮਰਯਾਦਾ ਦਾ ਇਕ ਅਟੁਟ ਅੰਗ ਹੈ । ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ । ਭਾਵੇਂ ਇਸ ਦਾ ਬਹੁਤਾ ਸੰਬੰਧ ਚਾਲੀ ਮੁਕਤਿਆਂ ਦੀ ਸ਼ਹੀਦੀ ਨਾਲ ਜੋੜਿਆ ਜਾਂਦਾ ਹੈ, ਜੋ ਬਿਰਤਾਂਤ ਨਿਮਨ ਲਿਖਤ ਹੈ :

੧੭੦੫ ਈਸਵੀ ਵਿਚ ਮੁਗਲਈ ਫੌਜਾਂ "ਪਾਪ ਕੀ ਜੰਞ" ਅਤੇ ਬਾਈ ਧਾਰਾਂ ਦੇ ਰਾਜਿਆਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ । ਅੰਦਰ ਰਾਸ਼ਨ ਪਾਣੀ, ਪੱਠਾ-ਚਾਰਾ ਮਸਤਾਨੇ ਹੋ ਗਏ । ਸਿੰਘ ਸਿੰਘਣੀਆਂ ਵਿਆਕੁਲ ਹੋ ਗਏ । ਪਰ ਕੁਝ ਸਿੰਘ ਬਹੁਤੇ ਹੀ ਘਬਰਾ ਗਏ ਅਤੇ ਅਸ਼ਰਧਕ ਹੋ ਕੇ ਗੁਰੂ ਸਾਹਿਬ ਨੂੰ ਸਾਫ਼ ਸ਼ਬਦਾਂ

* ੮॥੧੨॥, ਸਿਰੀਰਾਗੁ ਮ: ੧, ਪੰਨਾ ੬੧ † ੨॥੭॥੧੨੯॥ ਆਸਾ ਮ: ੫, ਪੰਨਾ ੪੦੩



www.AKJ.Org

ਵਿਚ ਆਖ ਦਿੱਤਾ ਕਿ ਅਸੀਂ ਚਲੇ ਹਾਂ। ਸਤਿਗੁਰਾਂ ਸਮਝਾਇਆ, "ਤੁਸੀਂ ਦਿਲ ਨਾ ਛਡੋ, ਚੜ੍ਹਦੀਆਂ ਕਲਾਂ ਵਿਚ ਆਓ ਅਤੇ ਢਹਿੰਦੀਆਂ ਕਲਾਂ ਤਿਆਗੋ, ਗੁਰਸਿੱਖੀ ਇਹੋ ਸਬਕ ਸਿਖਾਂਦੀ ਹੈ। ਪਰ ਉਨ੍ਹਾਂ ਦੀ ਮਤ ਤੇ ਪਰਦਾ ਪੈ ਗਿਆ। ਉਹ ਬਾਹਰ ਨਿਕਲ ਜਾਣ ਤੇ ਅੜੇ ਰਹੇ। ਅੰਤ ਗੁਰੂ ਜੀ ਨੂੰ ਇਹ ਲਿਖ ਕੇ ਦੇ ਦਿਤਾ, "ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ।" ਸਤਿਗੁਰਾਂ ਇਹ ਲਿਖਤ ਆਪਣੇ ਕਮਰਕੱਸੇ ਵਿਚ ਰੱਖ ਲਈ।

ਸਤਿਗੁਰੂ ਜੀ ਅਨੰਦਪੁਰ ਸਾਹਿਬ ਦਾ ਕਿਲ੍ਹਾ ੫-੬ ਦਸੰਬਰ ਦੀ ਰਾਤ ਨੂੰ ਛੱਡ ਕੇ, ਅੰਤ ਰਵਾਂ ਰਵੀਂ ਢਿਲਵਾਂ ਕਲਾਂ ਪਹੁੰਚੇ। ਇਸ ਸਮੇਂ ਅੰਦਰ ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ ਤੇ ਸੈਂਕੜੇ ਸਿੰਘ, ਸਿੰਘਣੀਆਂ ਸ਼ਹੀਦ ਹੋ ਚੁੱਕੇ ਸਨ। ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀਆਂ ਫ਼ੌਜਾਂ ਸਤਿਗੁਰਾਂ ਦਾ ਪਿਛਾ ਕਰ ਰਹੀਆਂ ਸਨ। ਸਤਿਗੁਰਾਂ ਨੂੰ ਵੀ ਇਸ ਦਾ ਗਿਆਨ ਸੀ। ਇਸ ਸਮੇਂ ਤਕ ਨਵੇਂ ਸਿਰੇ ਦਸਮੇਸ਼ ਜੀ ਦੀ ਸੈਨਾ ਵਿਚ ਕਾਫ਼ੀ ਮਰਜੀਵੜੇ ਭਰਤੀ ਹੋ ਚੁੱਕੇ ਸਨ। ਗੁਰੂ ਜੀ ਵੈਰੀ ਦਲ ਨਾਲ ਟਕਰ ਲੈਣ ਲਈ ਕਿਸੇ ਯੋਗ ਟਿਕਾਣੇ ਦੀ ਭਾਲ ਵਿਚ ਸਨ। ਆਪ ਖਿਦਰਾਣੇ ਦਾ ਢਾਬ ਤੇ ਪੁਜ ਗਏ। ਢਾਬ ਵਿਚ ਪਾਣੀ ਸੀ, ਜਿਸ ਦੀ ਅਤੀ ਲੋੜ ਸੀ। ਕਾਮਯਾਬ ਲੜਾਈ ਕਰਨ ਦੇ ਪਖੋਂ ਆਪ ਨੇ ਇਸ ਟਿਕਾਣੇ ਨੂੰ ਮੱਲ ਲਿਆ। ਇਹ ਉਹ ਸਮਾਂ ਸੀ ਜਦੋਂ ਮੁਗ਼ਲਾਂ ਦਾ ਤੇਜ ਪਰਤਾਪ ਘਟ ਗਿਆ ਸੀ। ਉਹਨਾਂ ਦੀਆਂ ਫ਼ੌਜਾਂ ਵੀ ਭਾੜੇ ਦੇ ਟੱਟੂ ਬਣ ਚੁੱਕੀਆਂ ਸਨ। ਪਰ ਇਸ ਇਲਾਕੇ ਵਿਚ ਬਰਾੜ ਜੱਟ ਕਾਫ਼ੀ ਆਕੀ ਤੇ ਖ਼ੁਦ-ਮੁਖ਼ਤਾਰ ਹੋ ਚੁੱਕੇ ਸਨ। ਭਾਈ ਕੁਇਰ ਸਿੰਘ ਨੇ ਇਉਂ ਲਿਖਿਆ ਹੈ:

ਆਕੀ ਮਹਾ ਦੇਸ ਯਹਿ ਜਾਨੋ, ਜਹਾਂ ਸਤਰ ਕੋ ਨਹੀਂ ਪਛਾਨੋ।
ਕੋਟ ਸੈਨ ਲਸ਼ਕਰ ਜੋ ਆਵੇ, ਤਦਪਿ ਯਹਾਂ ਤੇ ਜੀਤ ਨਾ ਜਾਵੇ।

ਸਤਿਗੁਰਾਂ ਨੇ ਫ਼ੌਜ ਨੂੰ ਟਿਕਾਣਿਆਂ ਤੇ ਤਤਪਰ ਕੀਤਾ ਤੇ ਆਪ ਇਕ ਟਿੱਬੀ ਉਪਰ ਤੀਰ ਕਮਾਨ ਤੇ ਭੱਥਾ ਲੈ ਕੇ ਡਟ ਗਏ। ਭਾਵ, ਲੜਾਈ ਦੀ ਪੂਰੀ ਤਿਆਰੀ ਸੀ, ਹੁਣੇ ਹੋਈ ਕਿ ਹੋਈ। ਵਜ਼ੀਰ ਖਾਂ ਦੀ ਦੋ ਹਜ਼ਾਰ ਫ਼ੌਜ ਵੀ ਆ ਗਈ। ਇਹ ਵਾਰਤਾ ੩੦ ਪੋਹ, ੧੭੬੨ ਮੁਤਾਬਿਕ ੨੯ ਦਸੰਬਰ, ੧੭੦੫ ਦੀ ਹੈ।

ਬੇਦਾਵੀਏ ਸਿੰਘ ਜਦੋਂ ਆਪਣੇ ਪਿੰਡਾਂ ਵਿਚ ਪੁਜੇ, ਉਦੋਂ ਤੱਕ ਦਸਮੇਸ਼ ਜੀ ਦੇ ਅਨੰਦਪੁਰ ਛੱਡਣ, ਸਾਹਿਬਜ਼ਾਦਿਆਂ ਤੇ ਸੈਂਕੜੇ ਸਿੰਘਾਂ ਦੀਆਂ ਸ਼ਹੀਦੀਆਂ ਦੀਆਂ ਗਾਥਾਵਾਂ ਉਥੇ ਪਹਿਲਾਂ ਹੀ ਪੁੱਜ ਚੁੱਕੀਆਂ ਸਨ। ਜਦੋਂ ਇਹਨਾਂ ਨੇ ਬੇਦਾਵੇ ਦੀ ਗੱਲ ਕੀਤੀ ਤਾਂ ਸਾਰਾ ਇਲਾਕਾ ਅਣਖ, ਗੌਰਵ ਤੇ ਗ਼ੈਰਤ ਦੇ ਹੁਲਾਰੇ ਸਦਕਾ ਝੂਲ ਉਠਿਆ। ਬੇਦਾਵੀਆਂ ਦੀਆਂ ਪਤਨੀਆਂ, ਮਾਵਾਂ, ਭੈਣਾਂ, ਧੀਆਂ ਨੇ ਉਹਨਾਂ ਨੂੰ ਘਗਰੀਆਂ ਸੁਥਣਾਂ ਪੇਸ਼ ਕੀਤੀਆਂ ਤੇ ਰੋਟੀਆਂ ਪਕਾਉਣ ਲਈ ਮਿਹਣਾ ਮਾਰਿਆ ਤੇ ਆਪ ਦਸਮੇਸ਼ ਜੀ ਦੀ ਸ਼ਰਨ ਵਿਚ ਜਾ ਕੇ, ਮੈਦਾਨ ਅੰਦਰ ਜੂਝ ਕੇ, ਸਦਗਤੀ ਪ੍ਰਾਪਤ ਕਰਨ ਲਈ ਤਿਆਰ ਹੋ ਗਈਆਂ। ਮਾਈ ਭਾਗੋ ਨੇ ਕੋਠੇ ਤੇ ਪਲੂ ਫੇਰਿਆ, "ਅਸੀਂ ਮਾਤਾ ਤ੍ਰਿਪਤਾ, ਮਾਤਾ ਖੀਵੀ, ਬੀਬੀ ਅਮਰੋ, ਬੀਬੀ ਵੀਰੋ, ਮਾਤਾ ਸੁਲਖਣੀ, ਮਾਤਾ ਜੀਤੋ ਤੇ ਮਾਤਾ ਸੁੰਦਰੀ ਦੀਆਂ ਵਾਰਿਸ ਹਾਂ। ਵੈਰੀ ਦੇ ਸਿਰ ਚੜ੍ਹ ਕੇ ਲੜਾਂਗੀਆਂ, ਮਰਾਂਗੀਆਂ, ਪਰ ਮਹਾਨ ਸਿਖੀ ਅਣਖ ਨੂੰ ਬੇਦਾਗ, ਦੁੱਧ ਧੋਤੀ ਰਖਾਂਗੀਆਂ।" ਇਹੋ ਜਿਹੇ ਵਾਤਾਵਰਨ ਨੂੰ ਦੇਖ ਕੇ ਬੇਦਾਵੀਏ ਅਤੀ ਲਜਿਆਵਾਨ ਤੇ ਪਸ਼ੇਮਾਨ ਹੋਏ ਅਤੇ ਟੁਟੀ ਗੰਢਾਣ ਲਈ ਤਿਆਰ ਹੋ ਗਏ। ਮਾਈ ਭਾਗੋ ਦੀ ਕਮਾਨ ਹੇਠ ਇਹ ਚਾਲ੍ਹੀ ਸਿੰਘ ਸਤਿਗੁਰਾਂ ਦੇ ਦਰਸ਼ਨਾਂ ਤੇ ਮਾਫ਼ੀ ਮੰਗਣ ਖ਼ਾਤਰ ਤੁਰ ਪਏ। ਸਤਿਗੁਰ ਦੇ ਥਾਂ ਟਿਕਾਣਿਆਂ ਦਾ ਪਤਾ ਕਰਦੇ ਹੋਏ, ਖਿਦਰਾਣੇ ਦੀ ਢਾਬ ਵਲ ਚਲ ਪਏ ਤੇ ਨੇੜੇ ਪੁਜ ਗਏ।

ਠੀਕ ਇਸ ਸਮੇਂ ਵਜ਼ੀਰ ਖ਼ਾਂ ਦੀ ਫ਼ੌਜ ਵੀ ਸਤਿਗੁਰਾਂ ਦਾ ਪਿਛਾ ਕਰਦੀ ਹੋਈ ਢਾਬ ਵਲ ਪਹੁੰਚ ਗਈ। ਬੇਦਾਵੀਆਂ ਨੇ ਇਹ ਭਾਂਪ ਲਿਆ ਕਿ ਮੁਗਲਈ ਫੌਜ ਸਤਿਗੁਰਾਂ ਤੇ ਹਮਲਾ ਕਰ ਰਹੀ ਹੈ। ਇਹਨਾਂ ਨੇ ਝਾੜੀਆਂ ਤੇ ਮਲ੍ਹਿਆਂ ਤੇ ਚਾਦਰਾਂ ਪਾ ਦਿਤੀਆਂ, ਜੋ ਫੌਜੀ ਕੈਂਪ ਦਾ ਭੁਲੇਖਾ ਦਿੰਦਾ ਸੀ। ਇਹ ਇਕ ਫੌਜੀ ਜੰਗੀ ਚਾਲ ਸੀ। ਜਿਸ ਦਾ ਭਾਵ ਸੀ ਕਿ ਵਜ਼ੀਰ ਖਾਂ ਗੁਰੂ ਜੀ ਦਾ ਪਿਛਾ ਕਰਨਾ ਛੱਡ ਕੇ ਇਧਰ ਆਏ ਕਿ ਤੰਬੂਆਂ ਵਿਚ ਸਿੰਘਾਂ ਦੀਆਂ ਫੌਜਾਂ ਬੈਠੀਆਂ ਹਨ। ਛੇਤੀ ਹੀ ਸ਼ਾਹੀ ਫੌਜ ਆ ਪੁਜੀ। ਬੜੇ ਘਮਸਾਨ ਦਾ ਯੁੱਧ ਹੋਇਆ। ਸਿੰਘਾਂ


www.AKJ.Org

ਨੇ ਮੁਗਲਾਂ ਦੇ ਪੈਰਾਂ ਹੇਠੋਂ ਮਿਟੀ ਉਡਾ ਦਿੱਤੀ। ਟਿਬੀ ਤੇ ਬੈਠੇ ਦਸਮੇਸ਼ ਜੀ ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ ਅਨੇਕਾਂ ਵੈਰੀਆਂ ਨੂੰ ਵਿੰਨ੍ਹ ਕੇ ਲੰਗੜੇ ਲੂਲ੍ਹੇ ਕਰ ਸੁਟਿਆ। ਤੁਰਕਾਂ ਦੇ ਆਹੂ ਲਾਹ ਸੁਟੇ। ਛੇਤੀ ਹੀ ਵਜ਼ੀਰ ਖਾਂ ਦੀ ਫੌਜ ਵਿਚ ਅਫਰਾ ਤਫਰੀ ਮਚ ਗਈ। ਉਹ ਮੈਦਾਨ ਖਾਲਸੇ ਦੇ ਹੱਥ ਛੱਡ ਕੇ, ਜਾਨਾਂ ਬਚਾ ਕੇ ਤੌਬਾ ਤੌਬਾ ਕਰਦੇ ਪਿਛੇ ਨੂੰ ਦੁੰਮ ਦਬਾ ਗਏ। ਜੰਗ ਨਾਲ ਘਰਕੇ ਹੋਏ ਤਿਹਾਏ ਮੁਗਲ ਹੁਣ ਪਾਣੀ ਦੀ ਭਾਲ ਕਰਨ ਲਗੇ, ਪਰ ਪਾਣੀ ਦੀ ਢਾਬ ਤਾਂ ਸਿੰਘਾਂ ਦੇ ਕਬਜ਼ੇ ਵਿਚ ਸੀ। ਅੰਤ ਘਬਰਾਏ ਤੇ ਲਾਚਾਰ ਹੋਏ ਪਿਛਾਂਹ ਨੂੰ ਵਾਗਾਂ ਮੋੜ ਗਏ।

ਸਤਿਗੁਰੂ ਜੀ ਟਿੱਬੀ ਤੋਂ ਉਤਰੇ, ਯੁੱਧ ਖੇਤਰ ਦਾ ਮੁਆਇਨਾ ਕੀਤਾ। ਆਪ ਉਸ ਥਾਂ ਤੇ ਪੁੱਜੇ ਜਿਥੇ ਮਝੈਲ ਸਿੰਘਾਂ ਨੇ ਸਾਰੀ ਖਾਲਸਈ ਫੌਜ ਦੇ ਮੂਹਰੇ ਮੋਰਚੇ ਫਤਹ ਕੀਤੇ। ਉਹ ਸਾਰੇ ਹੀ ਫਟੜ ਹੋ ਕੇ ਅਖੀਰਲੇ ਸਾਹਾਂ ਤੇ ਸਨ ਜਾਂ ਚੜ੍ਹਾਈ ਕਰ ਚੁੱਕੇ ਸਨ। ਆਪ ਜਾਣ ਗਏ ਕਿ ਇਹ ਖਾਲਸਈ ਅਣਖ ਦੀ ਸਥਿਰਤਾ ਸਦਕਾ ਲਜਿਆਵਾਨ ਹੋ ਕੇ ਆ ਜੂਝੇ ਹਨ। ਆਪ ਨੇ ਇਕੱਲੇ ਇਕੱਲੇ ਦਾ ਮੂੰਹ ਪੂੰਝਿਆ, ਪਿਆਰ ਪ੍ਰਗਟਾਇਆ ਤੇ "ਮੇਰਾ ਪੰਜ ਹਜ਼ਾਰੀ, ਮੇਰਾ ਦਸ ਹਜ਼ਾਰੀ" ਹੋਣ ਦਾ ਵਰ ਦੇ ਕੇ ਗਦ ਗਦ ਹੋਏ। ਵਰ ਦਿੰਦੇ ਦਿੰਦੇ ਆਪ ਭਾਈ ਮਹਾਂ ਸਿੰਘ ਜੀ ਪਾਸ ਪੁੱਜੇ। ਭਾਈ ਮਹਾਂ ਸਿੰਘ ਦਾ ਸੀਸ ਗੋਦ ਵਿਚ ਲਿਆ, ਮੂੰਹ ਪੂੰਝਿਆ। ਭਾਈ ਸਾਹਿਬ ਸਿਸਕਦੇ ਸਨ। ਅੱਖਾਂ ਖੋਲ੍ਹੀਆਂ ਤਾਂ ਆਪਣਾ ਸੀਸ ਸਰਬੰਸ-ਦਾਨੀ ਦੀ ਗੋਦ ਵਿਚ ਦੇਖ ਕੇ ਭਾ: ਮਹਾਂ ਸਿੰਘ ਅਨੰਦਤ ਹੋ ਕੇ ਖਿੜ ਗਿਆ। ਸਤਿਗੁਰੂ ਪਿਆਰ ਵਿਚ ਬੋਲੇ, ਸਿੰਘਾ, ਮੰਗ ਜੋ ਕੁਛ ਮੰਗਣਾ ਹੈ। ਸਿੰਘ ਸੂਰਮੇ ਨੇ ਅਤਿ ਗਰੀਬੀ ਵਿਚ ਜੋਦੜੀ ਕੀਤੀ, "ਆਪ ਤੁਠੇ ਹੋ, ਧੰਨ ਭਾਗ, ਆਪ ਦੇ ਦਰਸ਼ਨ ਹੋਏ। ਮੇਰਾ ਸੀਸ ਆਪ ਜੀ ਦੀ ਗੋਦ ਵਿਚ ਟਿਕਿਆ। ਸਭੇ ਇਛਾ ਪੂਰੀਆ ਜਾ ਪਾਇਆ ਅਪਰ ਅਪਾਰਾ ॥੪॥੪੭॥ (ਪੰਨਾ ੭੪੬-੪੭)"

ਸਤਿਗੁਰੂ ਫਿਰ ਬੋਲੇ, ਸਿੰਘਾ, ਕੁਝ ਮੰਗ ਲੈ। ਤਾਂ ਭਾਈ ਸਾਹਿਬ ਨੇ ਅਰਜ਼ ਗੁਜ਼ਾਰੀ, **"ਸਚੇ ਪਾਤਸ਼ਾਹ ! ਆਪ ਧੰਨ ਹੋ ! ਬੇਦਾਵੇ ਵਾਲਾ ਕਾਗਜ਼ ਪਾੜ ਦਿਉ ਅਤੇ ਟੁਟੀ ਗੰਢ ਲਵੋ।"** ਪੰਥ ਦੇ ਵਾਲੀ ਨੇ ਕਮਰਕਸੇ ਵਿਚੋਂ ਉਹ ਕਾਗਜ਼ ਕਢਿਆ ਤੇ ਟੋਟੇ ਕਰ ਕੇ ਸੁਟ ਦਿੱਤਾ। ਅਤੇ ਫੁਰਮਾਇਆ, ਪੁਤਰ, ਮਹਾਂ ਸਿੰਘਾ ! ਤੂੰ ਸਿਖੀ ਦੀ ਲਾਜ ਰੱਖ ਲਈ, ਤੂੰ ਗੁਰੂ ਨਾਲੋਂ ਟੁਟੇ ਬਾਕੀ ਸਾਥੀਆਂ ਨੂੰ ਵੀ ਬਖਸ਼ਾ ਲਿਆ, ਧੰਨ ਸਿਖੀ, ਧੰਨ ਖਾਲਸਾ, ਟੁਟੀ ਗੰਢੀ ਖਾਲਸੇ ਨੇ। ਭਾਈ ਮਹਾਂ ਸਿੰਘ ਦੇ ਨੇਤਰਾਂ 'ਚੋਂ ਹੰਝੂ ਵਗੇ, ਸਾਹ ਸੌਖੇ ਨਿਕਲੇ ਤੇ ਸਚਖੰਡ ਵਿਚ ਜਾ ਡੇਰੇ ਲਾਏ। ਉਪਰੰਤ ਗੁਰੂ ਜੀ ਮਾਈ ਭਾਗੋ ਦੇ ਨੇੜੇ ਆਏ। ਉਸ ਨੂੰ ਸੁਰਤ ਵਿਚ ਲਿਆ ਕੇ ਟੁਟੀ ਗੰਢਣ ਦੀ ਗੱਲ ਦੱਸੀ। ਮਾਈ ਦੀਆਂ ਅਖਾਂ ਚਮਕੀਆਂ, ਲੂੰ ਲੂੰ ਖੁਸ਼ ਹੋ ਗਿਆ। ਆਪਣੀ ਘਾਲ ਥਾਇ ਪਈ, ਦੇਖੀ। ਮਾਈ ਨੂੰ ਨਾਮ ਦਾਨ ਬਖਸ਼ਿਆ ਤੇ ਹਜ਼ੂਰੀ ਵਿਚ ਰਹਿਣ ਦੀ ਆਗਿਆ ਦਿੱਤੀ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਤਿਗੁਰਾਂ ਨੇ ਅਨੰਦਪੁਰ ਛਡਿਆ। ਧਨ ਮਾਲ, ਕੀਮਤੀ ਗਰੰਥ, ਹਾਥੀ ਘੋੜੇ, ਸਭ ਕੁਝ ਲੇਖੇ ਲਗ ਗਿਆ। ਚਾਰ ਪੁਤਰ, ਮਾਤਾ ਤੇ ਸੈਂਕੜੇ ਸਿੰਘ ਸ਼ਹੀਦ ਹੋ ਗਏ, ਪਰ ਸਤਿਗੁਰਾਂ ਨੇ ਬੇਦਾਵੇ ਵਾਲਾ ਕਾਗਜ਼ ਦਾ ਟੁਕੜਾ ਕਮਰਕਸੇ ਚਿ ਸੰਭਾਲ ਰੱਖਿਆ। ਇਹ ਕਿਉਂ ? ਉਹ ਜਾਣਦੇ ਸਨ ਕਿ ਸਿੰਘ ਅਤਿ ਦੀ ਤੰਗੀ ਕਾਰਨ ਡੋਲ ਗਏ ਹਨ, ਆਪਣੇ ਨਿਸ਼ਾਨੇ ਤੋਂ ਚੁਕ ਗਏ ਹਨ। ਭੁਲਿਆਂ ਨੂੰ ਹੋਸ਼ ਪਰਤੇਗੀ ਤਾਂ ਪਛਤਾਣਗੇ। ਉਹ ਸਿੱਖਾਂ ਦਾ "ਡੋਲ ਜਾਣਾ" ਤਾਂ ਸਮਝਦੇ ਸਨ, ਪਰ ਉੱਕਾ ਨਿਘਰ ਜਾਣਾ ਅਸੰਭਵ ਸੀ। ਗੁਰੂ ਜੀ ਨੂੰ ਅੰਮ੍ਰਿਤ ਦੀ ਸ਼ਕਤੀ ਤੇ ਪੂਰਾ ਭਰੋਸਾ ਸੀ। ਅੰਮ੍ਰਿਤਧਾਰੀ ਗੁਰੂ ਤੋਂ ਬੇਮੁਖ ਹੋ ਹੀ ਨਹੀਂ ਸਕਦਾ, ਉਹ ਮਰ ਤਾਂ ਜਾਵੇਗਾ ਪਰ ਗੁਰੂ ਨੂੰ ਪਿਠ ਨਹੀਂ ਦਿਖਾਵੇਗਾ। ਅੰਮ੍ਰਿਤ ਦੇ ਦਾਤੇ ਨੂੰ ਪੂਰਨ ਵਿਸ਼ਵਾਸ ਸੀ ਕਿ ਇਹ ਸਿੰਘ ਮੁੜ ਸ਼ਰਨ ਆਉਣਗੇ ਤੇ ਟੁਟੀ ਗੰਢਾਣਗੇ। ਸਤਿਗੁਰਾਂ ਨੇ ਆਪਣੇ ਬਿਰਦਪਾਲ ਹੋਣ ਦਾ ਸੰਦੇਸ਼ ਵੀ ਰੂਪਮਾਨ ਕੀਤਾ। ਇਹੋ ਸੰਦੇਸ਼ ਅਜ ਤੱਕ ਸਿੱਖ ਸੇਵਕ ਨੂੰ ਸਦੀਵੀ ਧਰਵਾਸ ਬਖਸ਼ਦਾ ਹੈ :—ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ, ਗਰੀਬ ਨਵਾਜ, ਨ ਦੂਸਰ ਤੋ ਸੋ ॥

ਭੂਲ ਛਿਮੋ ਹਮਰੀ ਪ੍ਰਭ ਆਪਨ, ਭੁਲਨਹਾਰ ਕਹੂੰ ਕੋਊ ਮੋ ਸੋ ॥੯੨॥ (ਬਚਿਤ੍ਰ ਨਾਟਕ ਪਾ: ੧੦)
ਟੂਟੀ ਗਾਢਣਹਾਰ ਗੋੁਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥੧॥੧੫॥ (੧੯੨)


www.AKJ.Org

ਖਿਦਰਾਣੇ ਦੀ ਢਾਬ ਦਾ ਨਾਮ ਹੀ ਮੁਕਤਸਰ ਬਣਿਆ। ਪੰਜਾਬ ਸਰਕਾਰ ਨੇ ੧੯੭੩ ਵਿਚ ਜੋ ਲਾਠ ਬਣਾਈ, ਉਸ ਉੱਪਰ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਅੰਕਿਤ ਕੀਤਾ :—

ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਣ ਮੈ ਤਬ ਜੂਝ ਮਰੋ ॥੨੩੧॥ (ਚੰਡੀ ਚਰਿਤ੍ਰ)

ਇਹਨਾਂ ਚਾਲੀ ਸਿੰਘਾਂ ਦੇ ਸ਼ੁਭ ਨਾਮ ਇਸ ਪ੍ਰਕਾਰ ਹਨ :—

੧. ਭਾਈ ਭਾਗ ਸਿੰਘ ਝਬਾਲੀਆ, ੨. ਮਹਾਂ ਸਿੰਘ ਖੈਰਪੁਰੀਆ, ੩. ਦਿਲਬਾਗ ਸਿੰਘ, ੪. ਘਰਬਾਰਾ ਸਿੰਘ, ੫. ਦਰਬਾਰਾ ਸਿੰਘ ੬. ਗੰਗਾ ਸਿੰਘ, ੭. ਰਾਇ ਸਿੰਘ, ੮. ਕਰਮ ਸਿੰਘ, ੯. ਗੰਡਾ ਸਿੰਘ ੧੦. ਕਿਰਪਾਲ ਸਿੰਘ, ੧੧. ਦਿਆਲ ਸਿੰਘ, ੧੨. ਨਿਹਾਲ ਸਿੰਘ, ੧੩. ਖ਼ੁਸ਼ਾਲ ਸਿੰਘ, ੧੪. ਸੁਹੇਲ ਸਿੰਘ, ੧੫. ਚੰਬਾ ਸਿੰਘ, ੧੬. ਸਮੀਰ ਸਿੰਘ, ੧੭. ਸਰਜਾ ਸਿੰਘ, ੧੮. ਹਰਸਾ ਸਿੰਘ, ੧੯. ਬੂੜ ਸਿੰਘ, ੨੦. ਸੁਲਤਾਨ ਸਿੰਘ ੨੧. ਨਿਧਾਨ ਸਿੰਘ, ੨੨. ਸੋਭਾ ਸਿੰਘ, ੨੩. ਹਰੀ ਸਿੰਘ, ੨੪. ਕਰਨ ਸਿੰਘ, ੨੫. ਧਰਮ ਸਿੰਘ, ੨੬. ਕਾਲਾ ਸਿੰਘ, ੨੭. ਸੰਤ ਸਿੰਘ, ੨੮. ਕੀਰਤਿ ਸਿੰਘ, ੨੯. ਗੁਲਾਬ ਸਿੰਘ, ੩੦. ਜਾਦੋ ਸਿੰਘ, ੩੧. ਜੋਗਾ ਸਿੰਘ, ੩੨. ਭੰਗਾ ਸਿੰਘ, ੩੩. ਧੰਨਾ ਸਿੰਘ, ੩੪. ਭੋਲਾ ਸਿੰਘ, ੩੫. ਮੱਜਾ ਸਿੰਘ, ੩੬. ਮਾਨ ਸਿੰਘ, ੩੭. ਲਛਮਣ ਸਿੰਘ, ੩੮. ਸਾਧੂ ਸਿੰਘ, ੩੯. ਮੈਯਾ ਸਿੰਘ, ੪੦. ਜੰਗ ਸਿੰਘ।

(ਮਿਤੀ ਸ਼ਹੀਦੀ ੩੦ ਪੋਹ ਸੰਮਤ ੧੭੬੨ ਮੁਤਾਬਿਕ ੨੯ ਦਸੰਬਰ, ੧੧੦੫)

---

[੨੩ ਸਫ਼ੇ ਦੀ ਬਾਕੀ]

ਉਦੇਪੁਰ ਵਾਲੀ ਸਾਰੀ ਵਿਥਿਆ ਭਾਈ ਸਾਹਿਬ ਜੀ ਨੂੰ ੧੯੫੫ ਦੀ ਵਿਸਾਖੀ ਤੋਂ ਮਗਰੋਂ, ਜਦੋਂ ਆਪ ਇਕ ਦਿਨ ਲਈ ਦਿੱਲੀ ਇਕ ਬੀਬੀ ਦੇ ਅਨੰਦ ਕਾਰਜ ਲਈ ਹਜ਼ੂਰ ਸਾਹਿਬ ਤੋਂ ਵਾਪਸੀ ਤੇ ਰੁਕੇ ਸਨ, ਸੁਣਾਈ।

ਭਾਈ ਸਾਹਿਬ ਦੀ ਸੂਝ ਬੜੀ ਸੂਖਮ ਸੀ, ਫੱਟ ਭਾਂਪ ਜਾਂਦੇ ਸਨ, ਕਉਣ ਕਿਹੜੀ ਸੁਰ ਤੋਂ ਬੋਲ ਰਿਹਾ ਹੈ। ਸਾਰੀ ਵਿਥਿਆ ਸੁਣ ਕੇ ਕਰਨਲ ਸਾਹਿਬ ਨੂੰ ਬਜਾਏ ਸ਼ਾਬਾਸ਼ ਦੇਣ ਦੇ, ਜਿਸ ਦੀ ਕਿ ਉਹ ਆਸ ਰਖਦੇ ਸਨ, ਪੈਂਦੀ ਸੱਟੇ ਪੁਛਣ ਲੱਗੇ, "ਸਿਖ ਵਾਰੀ ਵਾਰੀ ਅੰਦਰ ਆਉਂਦੇ ਰਹੇ ਤੇ ਤੁਸੀਂ ਉਥੇ ਅੰਦਰ ਸੰਤ ਬਣ ਕੇ ਬੈਠੇ ਰਹੇ ?" ਕਰਨਲ ਸਾਹਿਬ ਨੂੰ ਕੋਈ ਥਾਂ ਨ ਲੱਭੇ, ਕੋਈ ਸ਼ਬਦ ਨ ਸੁਝੇ। ਭਾਈ ਸਾਹਿਬ ਦਾ ਇਸ਼ਾਰਾ ਇਹ ਸੀ ਕਿ ਸੋਧ ਸੁਧਾਈ ਦਾ ਅਧਿਕਾਰ ਕੇਵਲ ਪੰਜਾਂ ਪਿਆਰਿਆਂ ਨੂੰ ਹੈ, ਇਕੱਲੇ ਦੁਕੱਲੇ ਸਿੰਘ ਨੂੰ ਪੰਜਾਂ ਦੇ ਇਸ ਅਧਿਕਾਰ ਨੂੰ ਹਥਿਆਉਣਾ ਨਹੀਂ ਚਾਹੀਦਾ। ਅੱਜ ਥਾਂ ਥਾਂ "ਸੰਤ", "ਮਹਾਂਪੁਰਖ", "ਬ੍ਰਹਮ ਗਿਆਨੀ" ਪੁੰਗਰ ਖਲੋਤੇ ਹਨ, ਜੋ ਇਕੱਲੇ ਇਕੱਲੇ ਦੀ ਸੋਧ ਸੁਧਾਈ ਅਤੇ ਅਗਵਾਈ ਕਰ ਰਹੇ ਹਨ। ਖਾਲਸੇ ਪੰਥ ਦੀ ਸਮੁਚੀ ਸ਼ਕਤੀ ਪੰਜਾਂ ਦੀ ਅਗਵਾਈ ਵਿਚ ਸੀ, ਅੱਜ ਉਹ ਸ਼ਕਤੀ ਖੰਡ-ਖੰਡ ਹੋਈ ਪਈ ਹੈ। ਕੋਈ ਕਮਾਲੀਏ ਦਾ ਚੇਲਾ ਹੈ, ਕੋਈ ਨਾਨਕ-ਸਰੀਆਂ ਦਾ ਚੇਲਾ ਹੈ, ਕੋਈ ਰਾੜੇ ਵਾਲੇ ਸੰਤਾਂ ਦਾ ਅਤੇ ਕੋਈ ਕਿਸੇ ਸੰਤ ਦਾ। ਪਰ ਨਿਰੋਲ ਗੁਰੂ ਗ੍ਰੰਥ ਸਾਹਿਬ ਦੇ ਚੇਲੇ ਹੁਣ ਵਿਰਲੇ ਹੀ ਹਨ।

---


# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ **ਰਣਧੀਰ ਸਿੰਘ** ਜੀ (ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦–੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪–੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧–੫੦ |
| ਕੇਸਕੀ (ਦਸਤਾਰ) | ੨–੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧–੫੦ |
| ਖਾਲਸਾ ਰਹਿਤ ਮਰਯਾਦਾ | ੩–੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧–੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧–੫੦ | ਗੁਰੁ ਮੇਰੇ ਸੰਗਿ ਸਦਾ ਹੈ ਨਾਲੇ | ,, | ੦–੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੨–੦੦ | ਗੁਰਮਤਿ ਅਨਹਦ ਸ਼ਬਦ | ,, | ੦–੭੫ |
| HAIR--A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੧–੦੦ |
| Dawn of Divine wisdom | 0-75 | ਸ਼ਬਦ ਗੁਰੂ— ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧–੫੦ |
| ਲੜੀਦਾਰ ਸਰੂਪ— ਸ੍ਰੀ ਗੁਰੂ ਗ੍ਰੰਥ ਸਾਹਿਬ | ੨–੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦–੭੫ |
| ਗੁਰਬਾਣੀ ਰਹਿਤਨਾਮਾ | ੧–੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦–੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | ੨–੦੦ | ਰਾਗਮਾਲਾ ਬਾਰੇ ਵਿਚਾਰ(ਉਘੇ ਵਿਦਵਾਨ) | | ੨–੦੦ |


www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ (੫)

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ਪਟਿਆਲਾ]

**ਨੋਟ :–ਪਿਛਲੇ ਮਹੀਨੇ ਛਪਿਆ ਲੇਖ ਨੰਬਰ ੪ ਸੀ।**

ਜੈਪੁਰ ਨਿਵਾਸੀ, ਕਰਨਲ ਪਿਆਰਾ ਸਿੰਘ ਵਾਕਈ ਬੜੇ ਪਿਆਰੇ ਗੁਰੂ ਕੇ ਲਾਲ ਸਨ। ਅਗਸਤ ੧੯੫੩ ਵਿਚ ਮੈਂ ਉਹਨਾਂ ਦੀ ਕੋਠੀ ਦੇ ਨੇੜੇ ਜਿਹੇ ਕਿਰਾਏ ਤੇ ਰਹਿੰਦਾ ਸੀ। ਅਕਸਰ ਸ਼ਾਮ ਨੂੰ ਹੀ ਮੈਂ ਉਹਨਾਂ ਨੂੰ ਰੋਜ਼ਾਨਾ ਮਿਲਣ ਜਾਂਦਾ ਸਾਂ, ਗੁਰਮਤਿ ਬਾਰੇ ਕੁਝ ਸਮਝਣ ਲਈ। ਕਰਨਲ ਸਾਹਿਬ ਗੁਰੂ ਕੇ ਸਿੱਖਾਂ ਨੂੰ ਤਾਂ ਲਭ ਲਭ ਕੇ ਮਿਲਦੇ ਹੁੰਦੇ ਸਨ। ਜੇ ਕਿਤੇ ਕੋਈ ਸਿੱਖ ਜੈਪੁਰ ਤਬਦੀਲ ਹੋ ਕੇ ਆਇਆ ਤੇ ਉਹਨਾਂ ਨੂੰ ਕਿਸੇ ਨੇ ਦਸ ਪਾ ਦਿੱਤੀ, ਫਿਰ ਤਾਂ ਉਹ ਉਸਨੂੰ ਜ਼ਰੂਰ ਮਿਲਣ ਲਈ ਜਾਂਦੇ ਸਨ।

ਇਸ ਮਿਲਣੀ ਦਾ ਉਹਨਾਂ ਨੇ ਇਕ ਵਚਿਤਰ ਤਰੀਕਾ ਬਣਾਇਆ ਹੋਇਆ ਸੀ। ਕਿਸੇ ਨਵੇਂ ਆਏ ਗੁਰਸਿਖ ਦੇ ਘਰ ਅਚਣਚੇਤ ਹੀ ਜਾ ਫ਼ਤਹ ਗਜਾਉਣੀ। ਸੁਖ ਸਾਂਦ ਪੁਛਣੀ, ਸੇਵਾ ਪੁਛਣੀ। ਹੋਰ ਬਚਨ ਬਿਲਾਸ ਕਰਨੇ। ਘਰ ਦਿਆਂ ਨੇ ਕੁਝ ਨ ਕੁਝ ਛਕਣ ਲਈ ਅਗੇ ਆਣ ਰਖਣਾ। ਕਰਨਲ ਸਾਹਿਬ ਨੇ ਕਹਿਣਾ, ਸਾਡੀਆਂ ਕੁਝ ਸ਼ਰਤਾਂ ਹਨ, ਜੇ ਤੁਸੀਂ ਪੂਰੀਆਂ ਕਰਨ ਦਾ ਵਚਨ ਦਿਉ ਤਾਂ ਅਸੀਂ ਛੱਕਾਂਗੇ। ਘਰ ਦਿਆਂ ਨੇ ਪੁਛਣਾ, ਕੀ ਸ਼ਰਤਾਂ ਹਨ ?

ਪਹਿਲਾ ਸਵਾਲ ਇਹੋ ਪੁਛਣਾ, ਨਿਤਨੇਮ ਕਰਦੇ ਹੋ ? ਜੇ ਜਵਾਬ ਨਹੀਂ ਵਿਚ ਹੈ ਤਾਂ ਪ੍ਰਣ ਲੈਣਾ ਕਿ ਜਪੁ ਜੀ ਸਾਹਿਬ ਜਾਂ ਇਉਂ ਵਾਰੀ ਵਾਰੀ ਹੋਰ ਬਾਣੀਆਂ ਕੰਠ ਕਰ ਕੇ ਨਿੱਤ ਪੜ੍ਹਨ ਲਈ ਪ੍ਰੇਰਨਾ। ਜੇ ਨਿਤਨੇਮ ਕਰਦੇ ਹਨ ਤਾਂ ਫਿਰ ਪੁਛਣਾ, ਅੰਮ੍ਰਿਤ ਪਾਨ ਕੀਤਾ ਹੈ ਕਿ ਨਹੀਂ ? ਜੇ ਨਹੀਂ ਕੀਤਾ ਤਾਂ ਅੰਮ੍ਰਿਤ ਪਾਨ ਕਰਨ ਲਈ ਤਿਆਰੀ ਕਰਨ ਦਾ ਪ੍ਰਣ ਲੈਣਾ। ਭਾਵ ਇਹ ਕਿ ਉਹ ਹਰ ਨਵੇਂ ਆਏ ਗੁਰਸਿੱਖ ਨੂੰ, ਜਿਥੇ ਉਹ ਹੈ, ਉਸ ਤੋਂ ਅਗਾਹਾਂ ਲਿਜਾਣਾ ਚਾਹੁੰਦੇ ਸਨ। ਅਤੇ ਇਉਂ ਉਹਨਾਂ ਦੇ ਸੰਪਰਕ ਵਿਚ ਅਨੇਕਾਂ ਪ੍ਰਾਣੀਆਂ ਨੇ ਆਤਮਕ ਪੰਧ ਤੇ ਤਰੱਕੀ ਕੀਤੀ।

ਪ੍ਰਚਾਰ ਦਾ ਇਹ ਤਰੀਕਾ ਮੈਨੂੰ ਬੜਾ ਚੰਗਾ ਲਗਾ। ਪਰ ਇਕ ਵਾਰੀ ਕਰਨਲ ਸਾਹਿਬ ਪ੍ਰੇਰਦੇ ਪ੍ਰੇਰਦੇ ਆਪ ਹੀ ਬੁਰੀ ਤਰ੍ਹਾਂ ਫਸੇ। ਜੈਪੁਰ ਵਾਸੀ ਭਾ: ਸੁੰਦਰ ਸਿੰਘ ਜੀ, ਗੁਰੂ ਕੇ ਕੀਰਤਨੀਏ ਭੀ ਮੇਰੇ ਸਾਥੀ ਸਨ। ਦਾਸ ਤਾਂ ਉਥੋਂ ੧੯੫੪ ਵਿਚ ਉਦੈਪੁਰ ਚਲਾ ਗਿਆ ਸੀ ਬੀ-ਐਡ ਦੀ ਟ੍ਰੇਨਿੰਗ ਲਈ ਤੇ ਫਿਰ ੧੯੫੫ ਵਿਚ ਪੰਜਾਬ ਹੀ ਆ ਵਸਿਆ, ਪਰ ਭਾਈ ਸੁੰਦਰ ਸਿੰਘ ਜੀ ਤਾਂ ਉਹਨਾ ਨਾਲ ਅੰਤਮ ਸਮੇਂ ਤਕ ਰਹੇ। ਉਹ ਦਸਦੇ ਹਨ ਕਿ ਉਹ ਕਰਨਲ ਸਾਹਿਬ ਨਾਲ ਸ਼ਾਇਦ ੧੯੬੦ ਵਿਚ ਲਖਨਊ ਪ੍ਰਚਾਰ-ਦੌਰੇ ਤੇ ਗਏ। ਭਾਈ ਸੁੰਦਰ ਸਿੰਘ ਜੀ ਕੀਰਤਨ ਕਰਦੇ ਸਨ। ਉਥੇ ਇਕ ਸਿੱਖ ਫ਼ੌਜੀ ਅਫ਼ਸਰ (ਮੇਜਰ ਰੈਂਕ ਦਾ) ਕਰਨਲ ਸਾਹਿਬ ਨੂੰ ਦਿਨੇ ਦੀਵਾਨ ਦੀ ਸਮਾਪਤੀ ਤੋਂ ਮਗਰੋਂ ਬੜੇ ਚਾਅ ਮਲ੍ਹਾਰ ਨਾਲ ਘਰ ਲੈ ਆਇਆ ਕਿ ਚਲ ਕੇ ਇਹਨਾਂ ਦੀ ਟਹਿਲ ਕਰਾਂਗੇ। ਕਰਨਲ ਸਾਹਿਬ ਨੇ ਆਪਣੇ ਪੁਰਾਣੇ ਬਣੇ ਸੁਭਾਅ ਅਨੁਸਾਰ ਉਹਨਾਂ ਨੂੰ ਕਿਹਾ ਕਿ ਅਸੀਂ ਤਾਂ ਕੋਈ ਸ਼ਰਤ ਮੰਨਵਾ ਕੇ ਹੀ ਕਿਸੇ ਦੇ ਘਰ ਦਾ ਛਕਦੇ ਹਾਂ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਅਗੋਂ ਮੇਜਰ ਸਾਹਿਬ ਇਕ ਸੁਹਾਗਣ ਗੁਣਵੰਤੀ ਹਨ। ਮੇਜਰ ਸਾਹਿਬ ਕਹਿਣ ਲਗੇ, "ਸਿਵਾਏ ਆਪਣੇ ਗੁਰੂ ਦੇ ਹੁਕਮ ਦੇ ਅਸੀਂ ਹੋਰ ਕਿਸੇ ਦੀ ਕੋਈ ਸ਼ਰਤ ਨਹੀਂ ਮੰਨਦੇ, ਤੁਹਾਡੀ ਇੱਛਾ ਹੈ ਤਾਂ ਗੁਰੂ ਕਾ ਲੰਗਰ ਹਾਜ਼ਰ ਹੈ, ਛਕ ਲਉ। ਭਾ: ਸੁੰਦਰ ਸਿੰਘ ਜੀ ਨੇ ਤਾਂ ਜੋ ਮਿਲਿਆ ਸੋ ਛੱਕ ਲਿਆ, ਪਰ ਕਰਨਲ ਸਾਹਿਬ ਨੇ ਕੁਝ ਨ ਛਕਿਆ। ਭੁਖ ਤਾਂ ਕਰਨਲ ਸਾਹਿਬ ਨੂੰ ਭੀ ਭੀ ਲੱਗੀ ਹੋਈ ਸੀ, ਪਰ ਉਹਨਾਂ ਨੇ ਸਾਰਾ ਦਿਨ ਕੜਾਕਾ ਹੀ ਕਟਿਆ।

ਮੇਜਰ ਸਾਹਿਬ ਸ਼ਾਮ ਨੂੰ ਗੁਰੂ ਮਹਾਰਾਜ ਦੇ ਕਮਰੇ ਵਿਚ ਸੋਦਰ ਦੀ ਚੌਕੀ ਲਾਉਂਦੇ ਸਨ। ਕਰਨਲ



www.AKJ.Org

ਸਾਹਿਬ ਨੂੰ ਕਹਿਣ ਲੱਗੇ, ਅਸੀਂ ਭੀ ਹਾਜ਼ਰੀ ਭਰਾਂਗੇ। ਮੇਜਰ ਸਾਹਿਬ ਕਹਿਣ ਲੱਗੇ, ਜੀ ਸਦਕੇ। ਪਰ ਸਾਡੇ ਘਰ ਅਸੀਂ ਇਹ ਮਰਯਾਦਾ ਬਣਾਈ ਹੋਈ ਹੈ ਕਿ ਸਵੇਰੇ ਸ਼ਾਮ ਗੁਰੂ-ਦਰਬਾਰ ਦੀ ਹਾਜ਼ਰੀ ਭਰਨ ਤੋਂ ਪਹਿਲਾਂ ਇਸ਼ਨਾਨੇ ਸੋਧ ਕੇ ਅੰਦਰ ਜਾਈਦਾ ਹੈ। ਸ ਤੁਸੀਂ ਇਸ਼ਨਾਨੇ ਸੋਧ ਲਉ ਤੇ ਅੰਦਰ ਆ ਜਾਉ। ਸੋਦਰ ਰੱਲ ਕੇ ਕਰਾਂਗੇ।

ਸਿਆਲ ਦੇ ਦਿਨ ਸਨ। ਕਰਨਲ ਸਾਹਿਬ ਕਹਿਣ ਲੱਗੇ, ਅਸੀਂ ਇਸ ਵੇਲੇ ਇਸ਼ਨਾਨੇ ਨਹੀਂ ਸੋਧ ਸਕਦੇ, ਸਰੀਰ ਆਗਿਆ ਨਹੀਂ ਦਿੰਦਾ ਤੇ ਸਵੇਰੇ ਅੰਮ੍ਰਿਤ ਵੇਲੇ ਦਰਸ਼ਨ ਕਰਾਂਗੇ। ਪਰ ਮਨੋ ਮਨ ਹੀ ਪਛਤਾਉਂਦੇ ਰਹੇ ਕਿ ਅਸੀਂ ਇਹੋ ਜਿਹੀ ਗੁਣਵੰਤੀ ਨਾਲ ਕੀ ਆਡਾ ਲਾ ਬੈਠੇ ਹਾਂ। ਰਾਤ ਨੂੰ ਫਿਰ ਕੁਝ ਵੀ ਨ ਛਕਿਆ। ਅੰਮ੍ਰਿਤ ਵੇਲੇ ਤਿੰਨ ਸਾਢੇ ਤਿੰਨ ਵਜੇ ਜਦੋਂ ਗੁਰੂ ਮਹਾਰਾਜ ਦੇ ਕਮਰੇ ਵਿਚ ਭਾਈ ਸੁੰਦਰ ਸਿੰਘ ਅਤੇ ਕਰਨਲ ਸਾਹਿਬ ਗਏ ਤਾਂ ਅਗੋਂ ਦੋਵੇਂ ਦੰਪਤੀ ਜੋੜੀ, ਗੁਰੂ ਮਹਾਰਾਜ ਦੀ ਸੇਵਾ ਵਿਚ ਪਤਾ ਨਹੀਂ ਕਦੋਂ ਦੇ ਹਾਜ਼ਰ ਸਨ ਤੇ ਚੌਰ ਕਰ ਰਹੇ ਸਨ। ਉਸ ਕਮਰੇ ਦੀ ਸਜਾਵਟ ਮੇਜਰ ਸਾਹਿਬ ਦੇ ਡਰਾਇੰਗ-ਰੂਮ ਨਾਲੋਂ ਕਿਤੇ ਜ਼ਿਆਦਾ ਸੀ। ਭਾਈ ਸੁੰਦਰ ਸਿੰਘ ਜੀ ਦਸਦੇ ਹਨ ਕਿ ਉਸ ਗੁਰਸਿਖ ਨੂੰ ਸਤਿਗੁਰਾਂ ਦੇ ਪਰਤੱਖ ਹੁਕਮਨਾਮੇ ਮਿਲਦੇ ਹਨ, ਉਹ ਅੰਤਰ-ਆਤਮੇ ਮਿਲੀ ਹੋਈ ਰੂਹ ਸੀ।

ਸਵੇਰੇ ਇਹਨਾਂ ਦਾ ਕਿਸੇ ਹੋਰ ਗੁਰਦੁਆਰੇ ਪ੍ਰੋਗਰਾਮ ਸੀ, ਇਹ ਦੋਵੇਂ ਉਥੋਂ ਵਿਦਾ ਹੋਏ। ਪਰ ਬਾਹਰ ਆ ਕੇ ਕਰਨਲ ਸਾਹਿਬ ਬਹੁਤ ਰੋਏ ਅਤੇ ਪਛਤਾਏ ਕਿ ਉਹਨਾਂ ਕਿਉਂ ਐਸੀ ਬਖ਼ਸ਼ੀ ਹੋਈ ਰੂਹ ਨਾਲ ਅੜੀ ਕੀਤੀ। ਐਸੀਆਂ ਰੂਹਾਂ ਬਾਰੇ ਗੁਰਬਾਣੀ ਵਿਚ ਸੰਕੇਤ ਮਿਲਦਾ ਹੈ—

ਜਾਇ ਪੁਛਹੁ ਸੋਹਾਗਣੀ, ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ, ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥੬੯॥

(ਸਿਰੀ ਰਾਗੁ ਮ: ੪, ਪੰਨਾ ੪੧)

ਕਰਨਲ ਸਾਹਿਬ ਇਸੇ ਗੱਲ ਨੂੰ ਤਾਂ ਪਛਤਾਉਂਦੇ ਸਨ ਕਿ ਉਸ ਦੇ ਤਾਂ ਪੈਰ ਮਲ ਕੇ ਧੋਣੇ ਚਾਹੀਦੇ ਸਨ। ਪਰ ਕਈ ਵਾਰੀ ਸਾਡੀ ਹਉਮੈ ਸਾਨੂੰ ਕੁਝ ਕਰਨ ਨਹੀਂ ਦਿੰਦੀ।

ਇਕ ਹੋਰ ਘਟਨਾ ਲਿਖ ਰਿਹਾ ਹਾਂ, ਜੋ ਸਮੂਹ ਸਿਖ ਪ੍ਰਚਾਰਕਾਂ ਦੇ ਧਿਆਨ ਦੇਣ ਜੋਗ ਹੈ। ਦਾਸ ਉਦੇਪੁਰ ੧੯੫੪ ਵਿਚ ਬੀ-ਐਡ ਦੀ ਟ੍ਰੇਨਿੰਗ ਲਈ ਦਲਾ ਗਿਆ ਸੀ। ਦਸੰਬਰ ੧੯੫੪ ਵਿਚ ਦਾਸ ਨੇ ਕਰਨਲ ਸਾਹਿਬ ਨੂੰ ਉਥੇ ਦੀਆਂ ਸਿੱਖ ਸੰਗਤਾਂ ਨੂੰ ਦਰਸ਼ਨ-ਮੇਲੇ ਕਰਵਾਉਣ ਲਈ ਸੱਦਾ ਭੇਜਿਆ। ਆਪ ਤਸ਼ਰੀਫ਼ ਲੈ ਆਏ। ਉਥੇ ਇਕ ਸਿੱਖ (ਪੰਜਾਬੀ) ਕਾਲੋਨੀ ਵਿਚ ਆਪ ਦਾ ਉਤਾਰਾ ਕਰਵਾਇਆ ਗਿਆ। ਹਰ ਇਕ ਗੁਰੂ ਨਾਨਕ-ਨਾਮ-ਲੇਵਾ ਸਿਖ ਕਰਨਲ ਸਾਹਿਬ ਨੂੰ ਇਕੱਲਿਆਂ ਮਿਲ ਕੇ ਆਪਣੇ ਦਿਲ ਦੀ ਗੱਲ ਦਸ ਕੇ ਕੁਝ ਪੁਛਣਾ ਚਾਹੁੰਦਾ ਸੀ।

ਸੋ ਪ੍ਰੋਗਰਾਮ ਇਹ ਬਣਿਆ ਕਿ ਕਰਨਲ ਸਾਹਿਬ ਇਕ ਕਮਰੇ ਵਿਚ ਪਲੰਘ ਤੇ ਰਜ਼ਾਈ ਵਿਚ ਨਿੱਘੇ ਹੋ ਕੇ ਬੈਠਣ (ਕਿਉਂਕਿ ਸਰਦੀਆਂ ਦੀ ਸ਼ਾਮ ਸੀ) ਤੇ ਵਾਰੀ ਵਾਰੀ ਸਿੱਖ ਮਿਲਦੇ ਜਾਣ। ਸਿੱਖ ਇਸ ਲਈ ਕਿ ਉਹਨਾਂ ਵਿਚ ਕੋਈ ਭੀ ਅੰਮ੍ਰਿਤ-ਧਾਰੀ ਨਹੀਂ ਸੀ। ਰਾਤ ਦੇ ਯਾਰ੍ਹਾਂ ਵਜੇ ਤਕ ਕਰੀਬਨ ੮੦ ਕੁ ਸਿੱਖਾਂ ਦੀ ਕਰਨਲ ਸਾਹਿਬ ਨੇ ਸੋਧ ਸੁਧਾਈ ਦੀ ਪੇਸ਼ੀ ਲਈ। ਦਾਸ ਤਾਂ ਗੇਟ ਤੇ ਹੀ ਤਾਈਨਾਤ ਸੀ। ਖ਼ੈਰ ਅਗਲੇ ਦਿਨ ਆਪ ਜੇਪੁਰ ਆ ਗਏ। ਬੜੇ ਖ਼ੁਸ਼ ਖ਼ੁਸ਼ ਕਿ ਐਤਕੀਂ ਉਹਨਾਂ ਨੂੰ ਬਹੁਤ ਸਾਰੇ ਸਿੱਖਾਂ ਨੂੰ ਗੁਰੂ ਦੇ ਦਸੇ ਰਾਹ ਉਤੇ ਪਾਉਣ ਦਾ ਮੌਕਾ ਮਿਲਿਆ।

ਉਹ ਪੂਰਾ ਸਾਲ ਭਰ ਕਿਤਨੇ ਪ੍ਰਾਣੀਆਂ ਨੂੰ ਕੜੇ ਪੁਆ ਕੇ ਕਿਤਨਿਆਂ ਨੂੰ ਰਹਿਤ ਰਖਾਂਦੇ, ਕਿਤਨਿਆਂ ਨੂੰ ਬਾਣੀ ਪੜ੍ਹਨ ਲਾਂਦੇ ਅਤੇ ਕਿਤਨਿਆਂ ਨੂੰ ਜਹਾਜ਼ੇ ਚੜ੍ਹਨ ਲਈ (ਅੰਮ੍ਰਿਤ ਪਾਨ ਕਰਨ ਲਈ) ਪ੍ਰੇਰਦੇ। ਇਸ ਦੀ ਰਿਪੋਰਟ ਉਹ ਹਮੇਸ਼ਾ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੂੰ ਜਦੋਂ ਮਿਲਣਾ, ਦਿੰਦੇ ਹੁੰਦੇ ਸਨ।

 [ਬਾਕੀ ਸਫ਼ਾ ੨੧ ਹੇਠ] 

www.AKJ.Org

# ਮਾਸੁ ਮਾਸੁ ਕਰਿ ਮੂਰਖੁ ਝਗੜੇ

ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਮਨਚਲੇ ਲਿਖਾਰੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੀ ਲੰਗਰ ਵਿਚ ਮਾਸ ਵਰਤਾਏ ਜਾਣਾ ਲਿਖ ਮਾਰਿਆ ਹੈ। ਭਾਈ ਸਤਾ ਅਤੇ ਭਾਈ ਬਲਵੰਡ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਢਾਢੀ ਸਨ। ਉਨ੍ਹਾਂ ਨੇ ਆਪਣੀ ਵਾਰ ਵਿਚ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਵਿਚ ਅੰਕਤ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਵਰਤਾਏ ਜਾਣ ਵਾਲੇ ਮਹੱਤਵ-ਪੂਰਣ ਪਦਾਰਥਾਂ ਦਾ ਦੋ ਵਾਰੀ ਵਰਨਣ ਕੀਤਾ ਹੈ :–

ੳ) ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (੯੬੭)

ਅ) ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ (੯੬੮)

ਗੁਰੂ ਘਰ ਦੇ ਸਮਕਾਲੀ ਅਤੇ ਦਰਬਾਰੀ ਢਾਢੀਆਂ ਦੀ ਉਚਾਰੀ ਬਾਣੀ, ਜੋ ਪਰਵਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੋਈ ਹੈ, ਦੀ ਗਵਾਹੀ ਦੇ ਅਧਾਰ ਤੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਲਿਖਤ ਵਿਚ ਕਿਸੇ ਗੁਰੂ-ਦੋਖੀ ਜਾਂ ਵਿਰੋਧੀ ਨੇ, ਜਾਂ ਫਿਰ ਕਿਸੇ ਮਾਸ-ਅਹਾਰੀ ਲਿਖਾਰੀ ਨੇ ਗਪੌੜ ਮਾਰ ਕੇ ਸਿਖ-ਸਿਧਾਂਤ ਵਿਚ ਰਲਾ ਪਾਣ ਦੀ ਗਿਣੀ-ਮਿਥੀ ਸਾਜ਼ਸ਼ ਕੀਤੀ ਹੈ। ਇਤਿਹਾਸਕ ਗ੍ਰੰਥਾਂ ਵਿਚ ਕਿਧਰੇ ਖਾਣ ਦੇ ਹੱਕ ਵਿਚ ਅਤੇ ਕਿਧਰੇ ਇਸ ਦੇ ਵਿਰੋਧ ਵਿਚ ਲਿਖਤਾਂ ਸ੍ਵੈ-ਵਿਰੋਧੀ ਹਨ, ਜੋ (ਸਿੱਖ ਇਤਿਹਾਸ ਅਥਵਾ) ਸਿਖ ਧਰਮ ਨੂੰ ਹਾਸੋ-ਹੀਣੇ ਰੂਪ ਵਿਚ ਪੇਸ਼ ਕਰਦੀਆਂ ਹਨ। ਅਤੇ ਬਿਬੇਕ ਬੁਧੀ ਵਾਲੇ ਖ਼ਾਲਸਾ ਜੀ ਨੂੰ ਇਹਨਾਂ ਦੀ ਸੁਧਾਈ ਲਈ ਟੁੰਬਦੀਆਂ ਹਨ।

ਗੁਰੂ ਨਾਨਕ ਦੇਵ ਜੀ ਵਲੋਂ ਕੁਰਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਮੇਲੇ ਉਤੇ ਕਿਸੇ ਰਾਜਕੁਮਾਰ ਵਲੋਂ ਮਾਰੇ ਹੋਏ ਹਿਰਨ ਨੂੰ ਪਕਵਾਏ ਜਾਣ ਦੀ ਘਟਨਾ ਦਾ ਵਰਨਣ ਵੀ ਮਾਸ-ਅਹਾਰੀ ਵੀਰ ਆਪਣੇ ਪੱਖ ਦੀ ਪੁਸ਼ਟੀ ਲਈ ਕਰਦੇ ਹਨ।

ਬਿਸਮਾਦੀ ਕੌਤਕਾਂ ਵਾਲੇ ਚੋਜੀ ਸਤਿਗੁਰੂ ਦੇ ਇਸ ਚੋਜ-ਬਿਨੋਦੀ ਕੌਤਕ ਦੀ ਗਤਿ ਮਿਤਿ ਆਪ ਹੀ ਜਾਨਣ, ਪਰ ਇਸ ਰਹੱਸ ਨੂੰ ਸਮਝਣ ਲਈ ਉਸ ਬਾਣੀ ਦੀ ਅੰਦਰਲੀ ਗਵਾਹੀ ਹੀ ਭਰੋਸੇ ਯੋਗ ਹੈ, ਜੋ ਉਸ ਸਮੇਂ ਉਚਾਰੀ ਗਈ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕ੍ਰਿਤ ਹੈ। ਉਹ ਇਸ ਪ੍ਰਕਾਰ ਹੈ–

ਸਲੋਕ ਮ: ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥

ਮ: ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥



www.AKJ.Org

ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਸੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਇ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

[ਵਾਰ ਮਲਾਰ ਕੀ ਮਹਲਾ ੧, ਪੰਨਾ ੧੨੮੯-੯੦

ਉਪ੍ਰੋਕਤ ਸਲੋਕਾਂ ਨੂੰ ਗਹੁ ਨਾਲ ਪੜ੍ਹ ਕੇ ਵਿਚਾਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਵਿਚੋਂ ਜੀਵਾਂ ਦਾ ਘਾਤ ਕਰ ਕੇ ਮਾਸ ਖਾਣ ਦੀ ਕਿਸੇ ਤਰ੍ਹਾਂ ਦੀ ਪੁਸ਼ਟੀ ਕੀਤੀ ਹੋਈ ਨਹੀਂ ਮਿਲਦੀ। ਸਲੋਕਾਂ ਵਿਚ **ਨਿਰੂਪਣ ਕੀਤੇ** ਗਏ ਸਿਧਾਂਤਕ ਨੁਕਤਿਆਂ ਦਾ ਸਾਰੰਸ਼ ਇਸ ਪ੍ਰਕਾਰ ਹੈ :—

(੧) ਮਾਸ ਦੇ ਨਾਂ ਮਾਤਰ ਤੋਂ ਛੂ ਛੂ ਕਰਨਾ ਅਤੇ ਭਿਟ ਜਾਨਣੀ ਫ਼ਜ਼ੂਲ ਹੈ। ਮਨੁਖੀ ਸਰੀਰ **ਸਗਵਾਂ** ਮਾਸ ਹੈ। ਇਸ ਦੀ ਉਤਪਤੀ ਮਾਸ (ਰਕਤ-ਬਿੰਦ) ਤੋਂ ਹੋਈ ਹੈ ਤੇ ਇਸ ਦੇ ਸਾਰੇ ਅੰਗ ਮਾਸ ਦੇ **ਹੀ ਹਨ।**

(੨) ਮਾਂ ਦੀ ਕੁਖ ਵਿਚ ਮਨੁਖੀ ਸਰੀਰ ਦੀ ਬਣਤਰ ਬਣਨ ਦੇ ਸਮੇਂ ਤੋਂ ਲੈ ਕੇ ਇਸ ਸਰੀਰ-**ਮੜ੍ਹੋਲੀ ਦੇ ਨਾਸ** ਹੋਣ ਤਕ ਮਾਸ ਕਈ ਰੂਪਾਂ ਵਿਚ ਸਰੀਰ ਦੀ ਅੰਦਰਲੀ ਤੇ ਬਾਹਰਲੀ ਕਿਰਿਆ **ਚਲਾਣ ਲਈ** ਪ੍ਰਯੋਗ ਵਿਚ ਆਉਂਦਾ ਹੈ, ਜਿਵੇਂ—ਮਾਂ ਦਾ ਉਦਰ (ਜਿਥੇ ਦਸ ਮਹੀਨੇ ਜੀਵ ਨੂੰ ਵਾਸਾ ਮਿਲਦਾ ਹੈ), ਨਾੜੂਆ (ਜਿਸ ਰਾਹੀਂ ਮਾਂ ਦੇ ਪੇਟ ਵਿਚ ਖ਼ੁਰਾਕ ਮਿਲਦੀ ਹੈ), ਮੰਮਾ (ਮਾਂ ਦਾ ਦੁੱਧ ਚੁੰਘਣ ਲਈ), ਮੂੰਹ, ਜੀਭ, ਆਦਿ। ਫਿਰ ਵਡੇ ਹੋਇਆਂ ਇਸ ਦਾ ਸੰਜੋਗ ਮਾਸ (ਇਸਤ੍ਰੀ) ਨਾਲ ਹੁੰਦਾ ਹੈ, ਜਿਸ ਤੋਂ ਮਾਸ (ਧੀਆਂ, ਪੁਤਰ) ਪੈਦਾ ਹੁੰਦਾ ਹੈ।

**ਵਿਸ਼ੇਸ਼ ਟਿੱਪਣੀ :—**

ਜਿਸ ਕਿਸਮ ਦੇ ਮਾਸ ਦਾ ਉਪਰ ਜ਼ਿਕਰ ਹੈ ਉਹ ਨਿਰਸੰਦੇਹ ਹੈ ਤਾਂ ਮਾਸ, ਪਰ ਅਜਿਹਾ **ਮਾਸ ਜੀਵਨ-**



www.AKJ.Org

ਕਿਰਿਆ ਚਲਾਣ ਲਈ ਸਾਧਨ (*Instrument*) ਦੇ ਤੌਰ ਤੇ ਵਰਤੋਂ ਵਿਚ ਆਉਂਦਾ ਹੈ, ਉਸ ਵਿਚ ਜ਼ੋਰ-ਜ਼ੁਲਮ ਅਤੇ ਜੀਵ-ਹਤਿਆ ਦੀ ਅਤੇ ਪਾਪ-ਕਰਮ ਦੀ ਕੋਈ ਉਪਾਧੀ ਨਹੀਂ ਹੁੰਦੀ। ਸਭ ਜਾਣਦੇ ਹਨ ਕਿ ਰਕਤ ਬਿੰਦ, ਮਾਤਾ ਦਾ ਉਦਰ, ਨਾੜੂਆ, ਮੰਮਾ, ਮੂੰਹ, ਜੀਭ, ਇਸਤ੍ਰੀ, ਧੀਆਂ, ਪੁਤਰ, ਜਿਨ੍ਹਾਂ ਨਾਲ ਮਨੁਖ ਦਾ ਜੀਵਨ ਪ੍ਰਯੰਤ ਸਮੇ ਸਮੇ ਵਾਹ ਪੈਂਦਾ ਹੈ, ਇਹ ਸਾਰੇ ਮਾਸ ਦੇ ਹਨ, ਪਰ ਕੀ ਕੋਈ ਇਸ ਕਿਸਮ ਦੇ ਮਾਸ ਨੂੰ ਖਾਂਦਾ ਹੈ? ਸੋ ਸਲੋਕ ਦਾ ਤਾਤ-ਪਰਜ ਵੈਸ਼ਨਵੀ ਪਾਂਡਿਆਂ ਦੇ ਅੰਦਰੋਂ ਮਾਸ ਦੇ ਨਾਮ-ਮਾਤਰ ਦੀ ਘਿਰਣਾ ਦੂਰ ਕਰਨਾ ਹੀ ਹੈ। ਨਾਲ ਹੀ ਸੱਚਾਈ ਪ੍ਰਗਟ ਕੀਤੀ ਹੈ ਕਿ ਮਾਸ ਤੋਂ ਛੁਟਕਾਰਾ ਆਪਣੇ ਯਤਨਾਂ ਜਾਂ ਉਕਤੀਆਂ ਜੁਗਤੀਆਂ ਨਾਲ ਸੰਭਵ ਨਹੀਂ। ਸਤਿਗੁਰੂ ਦੇ ਮਿਲਾਪ ਸਦਕਾ ਹੁਕਮ ਬੁਝਣ ਨਾਲ ਜੀਵਨ-ਯਾਤਰਾ ਸਫਲ ਹੁੰਦੀ ਹੈ ਤੇ ਮਾਸ (ਸਰੀਰ ਮੁੜ ਮੁੜ ਧਾਰਨ ਕਰਨ ਤੇ ਆਵਾ ਗਵਨ ਦੇ ਚਕਰ ਵਿਚ ਪਏ ਰਹਿਣ) ਤੋਂ ਛੁਟਕਾਰਾ ਮਿਲਦਾ ਹੈ।

(੩) ਅਸਲੀ ਗਿਆਨ ਧਿਆਨ ਤੇ ਗੁਹਜ ਰਹੱਸ ਨੂੰ ਸਮਝੇ ਬਗੈਰ ਮਾਸ ਸੰਬੰਧੀ ਝਗੜਾ ਕਰਨਾ ਨਿਰੀ ਮੂਰਖਤਾ ਹੈ। ਸਤਿਗੁਰੂ ਦੇ ਗਿਆਨ ਤੋਂ ਬਗੈਰ ਇਹ ਸੋਝੀ ਹੋ ਹੀ ਨਹੀਂ ਆਉਂਦੀ ਕਿ ਕਿਹੜੀ ਵਸਤੂ ਮਾਸ ਹੈ ਤੇ ਕਿਹੜੀ ਸਾਗ, ਅਤੇ ਇਹਨਾਂ ਵਿਚੋਂ ਕਿਹੜੀ ਸੇਵਨ ਕਰਨ ਨਾਲ ਮਨੁਖ ਪਾਪਾਂ ਦਾ ਭਾਗੀ ਬਣਦਾ ਹੈ।

**ਵਿਸ਼ੇਸ਼ ਟਿੱਪਣੀ :–**

ਆਪਣੇ ਮੂਲ ਰੂਪ ਵਿਚ ਨਾ ਮਾਸ ਨਿੰਦਤ ਹੈ ਤੇ ਨਾ ਸਾਗ। ਜੇ ਕੁਝ ਨਿੰਦਤ ਹੈ ਤਾਂ ਉਹ ਹੈ ਮਾਸ ਜਾਂ ਸਾਗ ਦੀ ਪ੍ਰਾਪਤੀ ਲਈ ਜ਼ੋਰ-ਜ਼ੁਲਮ ਅਤੇ ਅਯੋਗ ਸਾਧਨਾਂ ਦੀ ਕੀਤੀ ਗਈ ਵਰਤੋਂ, ਅਤੇ ਇਸ ਦੇ ਪਿਛੇ ਕੰਮ ਕਰ ਰਹੀ ਲੋਭ-ਲਾਲਚ ਦੀ ਮੰਦੀ ਭਾਵਨਾ, ਜੋ ਪਾਪ ਦਾ ਮੂਲ ਕਾਰਨ ਹੈ।

ਰਿਸ਼ਵਤ ਅਤੇ ਲੁਟ-ਘਸੁਟ ਦੀ ਕਮਾਈ ਨਾਲ ਪ੍ਰਾਪਤ ਕੀਤਾ ਸਾਗ, ਜੋ ਬੇਸ਼ਕ ਸਾਤਵਿਕ ਭੋਜਨ ਹੈ, ਵੀ ਨਿਰਸੰਦੇਹ ਘਿਰਣਤ ਅਤੇ ਨਿੰਦਤ ਹੈ :–

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (੧੪੧)

ਬਹੁ ਪਰਪੰਚ ਕਰਿ ਪਰਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥

[ਸੋਰਠਿ ਕਬੀਰ ਜੀ, ਪੰਨਾ ੬੫੬

ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੈ ਤੇਰੈ ਨਾਲਿ ਖੁਦਾਈ ॥੪॥

[ਮਾਰੂ ਮ: ੫, ਪੰਨਾ ੧੦੨੦

ਗੁਰੂ ਬਾਬੇ ਨੇ ਮਲਕ ਭਾਗੋ ਦੇ ਮਾਲ੍ਹ ਪੂੜੇ (ਜੋ ਭਾਵੇਂ ਸਾਤਵਿਕ ਭੋਜਨ ਸੀ) ਇਸ ਲਈ ਅੰਗੀਕਾਰ ਕਰਨੋਂ ਇਨਕਾਰ ਕੀਤਾ ਸੀ ਕਿਉਂਜੁ ਉਹ ਗਰੀਬ ਜਨਤਾ ਉਤੇ ਜ਼ੁਲਮ ਕਰ ਕੇ ਅਤੇ ਲੁਟ-ਘਸੁਟ ਕਰ ਕੇ ਪ੍ਰਾਪਤ ਕੀਤੇ ਧਨ-ਪਦਾਰਥਾਂ ਨਾਲ ਤਿਆਰ ਕੀਤੇ ਗਏ ਸਨ। ਗੁਰੂ ਬਾਬੇ ਨੇ ਆਪਣੇ ਕਲਾ-ਕ੍ਰਿਸ਼ਮਾਇਣੀ ਕੌਤਕ ਦੁਆਰਾ ਉਹਨਾਂ ਚੋਂ ਪ੍ਰਤੱਖ ਲਹੂ ਕਢ ਕੇ ਵਿਖਾਇਆ ਸੀ। ਜੀਵਾਂ ਨੂੰ ਵਢ ਕੇ ਉਹਨਾਂ ਦਾ ਮਾਸ ਖਾਣ ਲਈ ਤਾਂ ਪ੍ਰਤੱਖ ਹੀ ਉਹਨਾਂ ਦਾ ਖ਼ੂਨ ਡੁਲ੍ਹਦਾ ਹੈ ਤੇ ਜ਼ੋਰ-ਜ਼ੁਲਮ ਵਰਤਿਆ ਜਾਂਦਾ ਹੈ। ਇਹ ਕਰਮ ਅਵੱਸ਼ ਮੰਦਾ ਹੈ, ਅਤੇ ਪਾਪ ਦਾ ਮੂਲ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :–

ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ [ਜਪੁਜੀ

**ਵਿਸ਼ੇਸ਼ ਟਿੱਪਣੀ :–**

ਕੇਵਲ ਮਾਸ ਨਾ ਖਾਣ ਨਾਲ ਕੋਈ ਵਿਅਕਤੀ ਪਵਿਤਰ ਜਾਂ ਧਰਮੀ ਨਹੀਂ ਹੋ ਸਕਦਾ।

(੪) ਧਰਮ ਧਾਰਨ ਕੀਤਿਆਂ ਹੀ ਮਨੁਖ ਧਰਮੀ ਬਣਦਾ ਹੈ, ਐਵੇਂ ਫੋਕਟ ਕਰਮ-ਕਾਂਡ ਕੀਤਿਆਂ ਜਾਂ ਕੁਝ ਪਦਾਰਥਾਂ ਦੇ ਖਾਣ ਦਾ ਤਿਆਗ ਕਰਨ ਨਾਲ ਨਹੀਂ। ਧਰਮ ਦੀ ਪ੍ਰੀਭਾਸ਼ਾ ਵਿਸ਼ਾਲ ਤੇ ਡੂੰਘੀ ਹੈ, ਪਰ


www.AKJ.Org

ਮੂਲ ਰੂਪ ਵਿਚ ਕਰਤੇ ਪੁਰਖ ਵਾਹਿਗੁਰੂ ਦੀ ਹੋਂਦ ਤੇ ਵਿਸ਼ਵਾਸ ਰਖ ਕੇ ਉਸ ਵਿਚ ਲੀਨ ਹੋਣ ਲਈ, ਨਾਮ ਸਿਮਰਨ ਕਰਨਾ ਧਰਮ ਕਮਾਉਣਾ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ [ਗਉੜੀ ਸੁਖਮਨੀ ਮ: ੫, ਪੰਨਾ ੨੯੬

ਨਾਮ ਜਪਣਾ ਧਰਮ-ਕਰਮ ਹੈ, ਅਤੇ ਕੇਵਲ ਇਹ ਹੀ ਨਿਰਮਲ ਕਰਮ ਹੈ। ਦੈਵੀ ਗੁਣ ਸਤ, ਸੰਤੋਖ, ਦਇਆ, ਵੈਰਾਗ, ਤਿਆਗ, ਸਦ-ਭਾਵਨਾ ਅਤਿ ਲੋੜੀਂਦੇ ਮਨੁਖੀ ਸ਼ੁਭ ਗੁਣ ਹਨ। ਨਾਮ ਨਾਲ ਇਹ ਸਾਰੇ ਗੁਣ ਸ਼ੋਭਦੇ ਹਨ, ਜਿਵੇਂ ਜੰਞ ਲਾੜੇ ਨਾਲ। ਤੇ ਅਸਲ ਵਿਚ ਇਹ ਨਾਮ-ਸਿਮਰਨ ਵਿਚੋਂ ਸੁਤੇ ਹੀ ਉਪਜਦੇ ਹਨ। ਪਰ ਨਾਮ-ਸਿਮਰਨ ਤੋਂ ਬਗ਼ੈਰ ਇਹਨਾਂ ਦੀ ਕੋਈ ਵਿਸ਼ਸ਼ਤਾ ਨਹੀਂ ਰਹਿ ਜਾਂਦੀ।

ਉਪ੍ਰੋਕਤ ਗੁਣਾਂ ਵਿਚੋਂ ਕਿਸੇ ਇਕ ਜਾਂ ਵਧੇਰਿਆਂ ਦਾ ਧਾਰਨ ਕਰ ਲੈਣਾ ਮੁਬਾਰਕ ਹੈ, ਪਰ ਮਨੁੱਖ ਸਮੁੱਚੇ ਤੌਰ ਤੇ ਧਰਮੀ ਤਾਂ ਹੀ ਬਣ ਸਕਦਾ ਹੈ ਜੇ ਨਾਮ-ਸਿਮਰਨ ਦਾ ਸਰਬੋਤਮ ਕਰਮ ਨਾਲ ਹੋਵੇ। ਨਾਮ-ਸਿਮਰਨ ਤੋਂ ਬਗ਼ੈਰ ਇਹ ਦੈਵੀ ਗੁਣ ਵਿਖਾਵਾ ਤੇ ਪਰਪੰਚ ਬਣ ਕੇ ਰਹਿ ਜਾਂਦੇ ਹਨ।

ਸਿਫ਼ਰੇ ਜੇ ਕਿਸੇ ਹਿੰਦਸੇ ਨਾਲ ਲਾਏ ਜਾਣ ਤਾਂ ਇਹਨਾਂ ਦੀ ਬੜੀ ਮਹੱਤਤਾ ਹੁੰਦੀ ਹੈ। ਪਰ ਇਕਾਈ ਤੋਂ ਬਗ਼ੈਰ ਸਿਫ਼ਰੇ ਸਿਫ਼ਰ ਹੀ ਹੁੰਦੇ ਹਨ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥

[ਗਉੜੀ ਮਾਲਾ ਮ: ੫, ਪੰਨਾ ੨੧੬

ਪਵਿਤਰਤਾ ਦਾ ਸੋਮਾ ਕੇਵਲ ਨਾਮ ਹੈ। ਨਾਮ ਤੋਂ ਵਿਹੂਣਾ ਮਨੁੱਖ ਕਰਮ-ਕਾਂਡ ਕਰਦਾ ਹੋਇਆ ਵੀ ਕੁਚੀਲ ਹੀ ਰਹਿੰਦਾ ਹੈ। ਫਿਰ ਜੇ ਕੋਈ ਰਕਤ-ਬਿੰਦ ਤੋਂ ਪੈਦਾ ਹੋਇਆ ਕੁਚੀਲ ਪੁਤਲਾ ਇਹ ਡੀਂਗ ਮਾਰੇ ਕਿ ਉਹ ਮੱਛੀ ਮਾਸ ਨਾ ਖਾਣ ਕਾਰਨ ਨਿਰਮਲ ਹੈ ਜਾਂ ਧਰਮੀ ਹੈ ਤਾਂ ਉਸ ਦਾ ਇਹ ਦਾਅਵਾ ਕੂੜਾਵਾ ਹੀ ਹੈ।

(੫) ਇਕ ਪਾਸੇ ਮਾਸ-ਤਿਆਗੀ ਹੋਣ ਦਾ ਦਿਖਾਵਾ ਕਰਨਾ ਅਤੇ ਦੂਜੇ ਪਾਸੇ ਦੇਵਤਿਆਂ ਦੀ ਪਾਈ ਬਾਣ ਅਨੁਸਾਰ ਉਹਨਾਂ ਦੀ ਪ੍ਰਸੰਨਤਾ ਲੈਣ ਲਈ ਗੈਂਡਾ ਆਦਿਕ ਜੀਵ ਮਾਰ ਕੇ ਹੋਮ ਜਗ ਕਰਨੇ ਤੇ ਇਸ ਦੇ ਨਾਲ ਹੀ ਰਾਤ-ਬਰਾਤੇ ਲੁਕ ਛਿਪ ਕੇ ਸਮੁਚੇ ਮਨੁਖਾਂ ਨੂੰ ਹੜੱਪ ਜਾਣਾ ਪਰਪੰਚ ਨਹੀਂ ਤਾਂ ਹੋਰ ਕੀ ਹੈ ?

(੬) ਇਸਤ੍ਰੀ ਪੁਰਖ, ਰਾਜੇ ਮਹਾਰਾਜੇ, ਸਾਰੇ ਮਾਸ ਤੋਂ ਪੈਦਾ ਹੋਏ ਹਨ ਤੇ ਸਗਵਾਂ ਮਾਸ ਹੀ ਹਨ। ਜੇ ਮਾਸ ਮਾੜੀ ਵਸਤੂ ਹੈ ਤਾਂ ਉਹ ਮਾਸ ਦੇ ਪੁਤਲੇ ਅਵੱਸ਼ ਨਰਕਾਂ ਦੇ ਭਾਗੀ ਹੋਣਗੇ। ਤਾਂ ਫਿਰ ਅਜਿਹੇ ਵਿਅਕਤੀਆਂ ਦੇ ਦਾਨ ਤੇ ਪਲਣ ਵਾਲੇ ਟੁਕੜ-ਬੋਚ ਪਾਂਡੇ ਕਿਵੇਂ ਸਵਰਗ ਜਾਣ ਦੀ ਆਸ ਰਖ ਸਕਦੇ ਹਨ ?

(੭) ਸਾਰੇ ਪਦਾਰਥ ਪਾਣੀ ਤੋਂ ਉਪਜਦੇ ਹਨ ਤੇ ਇਸ ਤਰ੍ਹਾਂ ਸਭ ਪਦਾਰਥਾਂ ਦਾ ਮੁਢ-ਮੂਲ ਪਾਣੀ ਮੰਨਿਆ ਜਾਂਦਾ ਹੈ। ਜਲ ਵਿਚ ਜੀਵਨ-ਸਤਾ ਹੈ ਤੇ ਇਸ ਤਰ੍ਹਾਂ ਜਲ ਸਲਾਹੁਣ-ਜੋਗ ਵਸਤੂ ਹੈ, ਤੇ ਜਲ ਤੋਂ ਉਪਜੇ ਸਭ ਪਦਾਰਥ ਵੀ ਸਲਾਹੁਣ-ਜੋਗ ਹਨ। ਪਰ ਜੇ ਜੀਵਨ ਲਈ ਨਿਰਬਾਹ ਮਾਤਰ ਵਰਤੋਂ ਕਰਨ ਦੀ ਬਜਾਏ, ਇਹਨਾਂ ਪਦਾਰਥਾਂ ਨੂੰ ਚਸਕਿਆਂ ਦੇ ਅਧੀਨ ਅੰਨ੍ਹੇਵਾਹ ਸੇਵਨ ਕੀਤਾ ਜਾਵੇ ਤਾਂ ਅਜਿਹਾ ਕਰਨ ਨਾਲ ਸਰੀਰ ਪਰਫੁਲਤ ਹੋਣ ਦੀ ਬਜਾਏ ਪੀੜਿਆ ਜਾਂਦਾ ਹੈ ਅਤੇ ਰੋਗ ਦਾ ਵਿਕਾਰੀ ਹੋ ਜਾਂਦਾ ਹੈ। ਤਾਂ ਤੇ ਰਸਾਂ ਕਸਾਂ ਦੇ ਚਸਕਿਆਂ ਤੋਂ ਨਿਰਲੇਪ ਹੋ ਕੇ, ਨਾਮ ਤੇ ਆਸ੍ਰਿਤ ਹੋਇਆਂ ਹੀ ਕੋਈ

ਆਦਰਸ਼ ਮਨੁਖ ਮੰਨਿਆ ਜਾ ਸਕਦਾ ਹੈ।

ਸੋ ਸਪੱਸ਼ਟ ਹੈ ਕਿ ਇਹਨਾਂ ਸਲੋਕਾਂ ਵਿਚ ਵੈਸ਼ਨਵ ਪਾਂਡਿਆਂ ਦੇ ਮਾਸ ਦੇ ਨਾਮ-ਮਾਤਰ ਤੋਂ ਭਿਟ ਜਾਣ ਦਾ ਭਰਮ ਨਿਵਿਰਤ ਕੀਤਾ ਗਿਆ ਹੈ। ਅਤੇ ਪਾਂਡਿਆਂ ਦੀਆਂ ਪਰਸਪਰ ਵਿਰੋਧੀ ਮਨੌਤਾਂ ਅਤੇ ਕਿਰਿਆਵਾਂ ਦਾ ਭਾਂਡਾ ਭੰਨਿਆ ਹੋਇਆ ਹੈ। ਸਾਡੇ ਮਾਸ-ਅਹਾਰੀ ਵੀਰਾਂ ਵਲੋਂ ਜੀਵਾਂ ਨੂੰ ਸੰਘਾਰ ਕੇ ਮਾਸ ਖਾਣ ਦੀ ਪੁਸ਼ਟੀ ਵਿਚ, ਇਸ ਸ਼ਬਦ ਦੀ ਹਵਾਲੇ ਵਜੋਂ ਵਰਤੋਂ, ਸਰਾ-ਸਰ ਬੇਪਰਜੀ ਹੈ।

**ਮਾਸ ਦੇ ਵਿਰੋਧੀ ਭਗਤਾਂ ਦੀ ਨਿਰਾਦਰੀ–**

ਸਾਰੇ ਲੇਖ ਵਿਚ ਜਿਹੜੀ ਗੱਲ ਸਭ ਤੋਂ ਜ਼ਿਆਦਾ ਇਤਰਾਜ਼ ਯੋਗ ਅਤੇ ਨਿੰਦਤ ਹੈ ਉਹ ਹੈ ਡਾਕਟਰ ਸਾਹਿਬ ਦਾ ਜੀਵ-ਹਤਿਆ ਦਾ ਵਿਰੋਧ ਕਰਨਹਾਰੇ ਸ੍ਰੀ ਕਬੀਰ ਜੀ ਅਤੇ ਹੋਰ ਭਗਤ ਜਨਾਂ ਵਿਰੁਧ ਦੋਸ਼ ਕਿ **ਭਗਤ ਸਾਰੇ ਵੈਸ਼ਨਵ ਮਤ ਦੇ ਧਾਰਨੀ ਸਨ। ਇਹ ਕੁਫ਼ਰ ਤੋਲਣ ਅਤੇ ਜ਼ਬਾਨ-ਦਰਾਜ਼ੀ ਕਰਨ ਦੀ ਸਿਖਰ ਹੈ।**

ਡਾਕਟਰ ਸਾਹਿਬ ਦਸਣ ਦੀ ਕ੍ਰਿਪਾਲਤਾ ਕਰਨ ਕਿ ਜੇ ਸਾਰੇ ਭਗਤ ਜਿਨ੍ਹਾਂ ਦੀ ਬਾਣੀ ਵਿਚ ਮਾਸ ਦੀ ਵਿਰੋਧਤਾ ਕੀਤੀ ਮਿਲਦੀ ਹੈ, ਵੈਸ਼ਨਵ ਮਤ ਦੇ ਧਾਰਨੀ ਸਨ ਤੇ ਉਹਨਾਂ ਦੀ ਬਾਣੀ ਗੁਰਮਤਿ ਅਨੁਸਾਰੀ ਨਹੀਂ ਸੀ ਤਾਂ ਇਹ ਪ੍ਰਵਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਵੇਂ ਚੜ੍ਹਾਈ ਗਈ, ਜਦ ਕਿ ਕਾਨ੍ਹਾ ਛਜੂ ਆਦਿ ਭਗਤਾਂ ਦੀ ਬਾਣੀ ਗੁਰਮਤਿ-ਵਿਰੋਧੀ ਹੋਣ ਕਾਰਨ ਪ੍ਰਵਾਨ ਨਾ ਕੀਤੀ ਗਈ?

ਫਿਰ ਜਿਨ੍ਹਾਂ ਭਗਤਾਂ ਦਾ ਡਾਕਟਰ ਸਾਹਿਬ ਵੈਸ਼ਨਵ ਮਤ ਦੇ ਧਾਰਨੀ ਆਖ ਕੇ ਤ੍ਰਿਸਕਾਰ ਕਰ ਰਹੇ ਹਨ, ਉਹਨਾਂ ਨੂੰ ਸਤਿਗੁਰੂ ਪਾਤਸ਼ਾਹ ਖ਼ੁਦ 'ਗੁਰਮਤਿ ਦੇ ਧਾਰਨੀ' ਅਤੇ 'ਬ੍ਰਹਮ ਕੇ ਬੇਤੇ' ਦਸ ਕੇ ਵਡਿਆ ਰਹੇ ਹਨ–

ਨਾਮਾ ਛੀਬਾ ਕਬੀਰ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥੩॥ [ਸਿਰੀਰਾਗੁ ਮ: ੩, ਪੰਨਾ ੬੭

["ਖਾਲਸਾ ਰਹਿਤ ਮਰਯਾਦਾ" ਟ੍ਰੈਕਟ ਵਿਚੋਂ

---

[੩੧ ਸਫ਼ੇ ਦੀ ਬਾਕੀ]

ਅਜਿਹਾ ਕੁਝ ਸ਼ਰਤਾਂ ਅਧੀਨ ਹੋਵੇਗਾ। ਸਾਰੇ ਸਿੱਖ ਖਾਲਿਸਤਾਨ ਵਿਚ ਚਲੇ ਜਾਣ, ਕਿਉਂਕਿ ਅਸੀਂ ਹਿੰਦੁਸਤਾਨ ਵਿਚ ਇਕ ਵੀ ਸਿੱਖ ਨਹੀਂ ਰਹਿਣ ਦਿਆਂਗੇ। ਜਿਹੜੇ ਰਹਿਣਾ ਚਾਹੁਣ ਉਹ ਸਿਰ ਅਤੇ ਦਾੜ੍ਹੀ ਦੇ ਵਾਲ ਮੁਨਾ ਕੇ ਰਹਿਣ। ਨਾਲ ਹੀ ਸਾਰੇ ਗੁਰਦੁਆਰੇ ਸਾਡੇ ਕਬਜ਼ੇ ਵਿਚ ਆ ਜਾਣਗੇ। ਖਾਲਿਸਤਾਨ ਵਿਚ ਆਪਣੇ ਮੰਦਰਾਂ ਉਤੇ ਉਹ ਕਬਜ਼ਾ ਕਰ ਸਕਦੇ ਹਨ। ਉਨ੍ਹਾਂ ਨੂੰ ਹਿੰਦੁਸਤਾਨ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਅਜਿਹੇ ਲੋਕਾਂ ਵਿਰੁੱਧ ਸਰਕਾਰ ਕਿੰਨੀ ਕੁ ਹਰਕਤ ਵਿਚ ਆਉਂਦੀ ਹੈ। ਭਾਰਤ ਦੀ ਵੰਡ ਸਮੇਂ ਪੱਛਮੀ ਪਾਕਿਸਤਾਨ ਵਿਚੋਂ ਪੰਜਾਬੀ ਸਿੱਖ ਅਤੇ ਹਿੰਦੂ ਆਪਣੀਆਂ ਜਾਇਦਾਦਾਂ ਅਤੇ ਮਾਤ ਭੂਮੀ ਨੂੰ ਇਸ ਲਈ ਛੱਡ ਕੇ ਆ ਗਏ ਤਾਂ ਜੁ ਉਨ੍ਹਾਂ ਦਾ ਧਰਮ ਬਚ ਸਕੇ। ਇਹ ਕਿਤਨੇ ਖੇਦ ਦੀ ਗੱਲ ਹੈ ਕਿ ਅੱਜ ਉਸੇ ਧਰਮ ਨੂੰ ਆਪਣੀ ਹੀ ਸਰਕਾਰ ਕੋਲੋਂ ਖ਼ਤਰਾ ਹੋ ਗਿਆ ਹੈ। ਕੀ ਇਹ ਹੀ ਭਾਰਤ ਦਾ ਲੋਕ ਤੰਤਰ ਹੈ?

---

# ਸ੍ਰੀ ਭਗਉਤੀ ਪ੍ਰਬੋਧ

ਦਸਮੇਸ਼ ਜੀ ਦੀ ਬਾਣੀ ਅਰਦਾਸ ਦਾ ਅਰੰਭ ਅਤੇ ਚੰਡੀ ਦੀ ਵਾਰ ਵਿਚ ਵਰਤੇ ਗਏ ਸ਼ਬਦ 'ਭਗਉਤੀ' ਬਾਰੇ ਦੇਵੀ-ਪੂਜਕਾਂ ਵਲੋਂ ਕਈ ਤਰ੍ਹਾਂ ਦੇ ਭੁਲੇਖੇ ਪਾਏ ਜਾਂਦੇ ਹਨ। ਸਿਖ ਸੰਗਤਾਂ ਨੂੰ ਗੁਰਮਤਿ ਦੀ ਸੇਧ ਵਿਚ ਇਨ੍ਹਾਂ ਦੇ ਸਹੀ ਅਰਥ ਦ੍ਰਿੜ੍ਹ ਕਰਾਉਣ ਲਈ ਇਸ ਟ੍ਰੈਕਟ ਵਿਚ ਨੌਂ ਲੇਖ ਦਿੱਤੇ ਗਏ ਹਨ। ਸਫ਼ੇ ੮੯, ਭੇਟਾ ਦੋ ਰੁ.

# ਪੰਜਾਬ ਦਾ ਮਸਲਾ—ਗ਼ੈਰ-ਸਿੱਖਾਂ ਦਾ ਦ੍ਰਿਸ਼ਟੀਕੋਣ

**[ਮਿਤੀ ੮-੧-੯੨ ਦੀ 'ਅਜੀਤ' ਵਿਚ ਸ੍ਰੀ ਆਰ.ਐਸ. ਕੁਮਾਰ ਵਲੋਂ ਪੰਜਾਬ ਮਸਲੇ ਸੰਬੰਧੀ ਲਿਖਿਆ ਇਕ ਲੇਖ ਛਪਿਆ ਹੈ, ਜੋ 'ਸੂਰਾ' ਦੇ ਪਾਠਕਾਂ ਦੀ ਗਿਆਤ ਲਈ ਇੰਨ-ਬਿੰਨ ਛਾਪਿਆ ਜਾ ਰਿਹਾ ਹੈ। ਇਸ ਦੀ ਮਹੱਤਤਾ ਇਸ ਲਈ ਵਧੇਰੇ ਹੈ ਕਿ ਇਸ ਵਿਚ ਪੰਜਾਬ ਮਸਲੇ ਸੰਬੰਧੀ ਗੈਰ-ਸਿਖ ਦੇ ਵਿਚਾਰ ਦਰਸਾਏ ਹੋਏ ਹਨ।] —ਸੰਪਾਦਕ**

ਪੰਜਾਬ ਸਮੱਸਿਆ ਨੂੰ ਇਕ ਸੂਝਵਾਨ ਵਿਅਕਤੀ ਤਾਂ ਕੀ, ਇਕ ਸਾਧਾਰਨ ਮਨੁੱਖ, ਰਾਜਨੀਤਕ ਨੇਤਾ, ਰਾਜਨੀਤਕ ਪਾਰਟੀਆਂ, ਕੇਂਦਰੀ ਸਰਕਾਰ ਅਤੇ ਇਸ ਨਾਲ ਸੰਬੰਧਤ ਹੋਰ ਸਾਰੇ ਲੋਕ ਭਲੀ-ਭਾਂਤ ਸਮਝਦੇ ਹਨ। ਇਹ ਇਕ ਮੂੰਹ-ਬੋਲਦੀ ਸੱਚਾਈ ਹੈ ਕਿ ਪੰਜਾਬ ਦੇ ਅਜੋਕੇ ਸੰਤਾਪ ਨੂੰ ਕਿਸੇ ਅਣਦੇਖੀ ਸ਼ਕਤੀ ਨੇ ਪੈਦਾ ਨਹੀਂ ਕੀਤਾ। ਇਸ ਦੀ ਅੱਜ ਦੀ ਤਰਸਯੋਗ ਹਾਲਤ ਲਈ ਉਹ ਸਾਰੀਆਂ ਧਿਰਾਂ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਨਿੱਜੀ ਸਵਾਰਥ ਨੂੰ ਪੂਰਾ ਕਰਨ ਲਈ, ਆਪਣੀ ਹਉਮੈ ਨੂੰ ਪੱਠੇ ਪਾਉਣ ਲਈ, ਜ਼ਾਤ-ਪਾਤ, ਧਰਮ-ਮਜ਼੍ਹਬ ਆਦਿ ਦੇ ਨਾਮ ਉੱਤੇ ਫੁੱਟ ਦੇ ਬੀਜ ਬੀਜੇ ਹਨ। ਉਨ੍ਹਾਂ ਦੇ ਅਜਿਹੇ ਕਾਲੇ ਕਾਰਨਾਮਿਆਂ ਦੇ ਫਲਸਰੂਪ ਅੱਜ ਸਾਰੇ ਪੰਜਾਬੀ ਪੰਜਾਬ ਦੀ ਦੁਰਦਸ਼ਾ ਹੰਢਾ ਰਹੇ ਹਨ।

ਮਨੋਵਿਗਿਆਨਕ ਬਿਰਤੀਆਂ ਕਾਰਨ ਮਨੁੱਖ ਮਨੁੱਖ ਦਾ ਵੈਰੀ ਹੁੰਦਾ ਹੈ, ਇਹ ਸਦੀਵ ਕਾਲ ਤੋਂ ਚਲਿਆ ਆ ਰਿਹਾ ਹੈ। ਜਿਥੇ ਮਨੁੱਖ ਵਿਚ ਪ੍ਰੇਮ-ਪਿਆਰ, ਹਮਦਰਦੀ, ਮਿਲਵਰਤਣ, ਕੁਰਬਾਨੀ ਆਦਿ ਦੀ ਭਾਵਨਾ ਹੁੰਦੀ ਹੈ, ਉਥੇ ਉਹ ਈਰਖਾ, ਵੈਰ-ਵਿਰੋਧ ਆਦਿ ਤੋਂ ਮੁਕਤ ਨਹੀਂ। ਪ੍ਰੰਤੂ ਜਦੋਂ ਕਿਸੇ ਮਨੁੱਖ ਨਾਲ ਅਨਿਆਏ ਹੁੰਦਾ ਹੈ ਜਾਂ ਜਦੋਂ ਕਿਸੇ ਬੇਦੋਸ਼ੇ ਵਿਅਕਤੀ ਦਾ ਖ਼ੂਨ ਡੁਲ੍ਹਦਾ ਹੈ ਤਾਂ ਮਨੁੱਖਤਾ ਵਿਆਕੁਲ ਹੋ ਉਠਦੀ ਹੈ, ਉਹ ਕੁਰਲਾ ਉਠਦੀ ਹੈ।

ਅੱਜ ਪੰਜਾਬ ਦੀ ਸਮੱਸਿਆ ਇਹ ਨਹੀਂ ਕਿ ਇਥੇ ਖ਼ੂਨ ਡੁਲ੍ਹ ਰਿਹਾ ਹੈ, ਚਿੰਤਾ ਇਸ ਗੱਲ ਦੀ ਖਾ ਰਹੀ ਹੈ ਕਿ ਇਸ ਪੰਜ ਦਰਿਆਵਾਂ ਦੀ, ਪੀਰ-ਪੈਗੰਬਰਾਂ ਦੀ ਪਵਿੱਤਰ ਧਰਤੀ ਉੱਤੇ ਬੇਦੋਸ਼ਿਆਂ ਦਾ ਲਹੂ ਬੜੇ ਨਿਰਦਈ ਢੰਗ ਨਾਲ ਡੋਲ੍ਹਿਆ ਜਾ ਰਿਹਾ ਹੈ। ਇਹ ਧਰਤੀ ਲਹੂ-ਲੁਹਾਣ ਹੋ ਚੁੱਕੀ ਹੈ। ਜਦੋਂ ਬੇਦੋਸ਼ਿਆਂ ਦਾ ਖ਼ੂਨ ਵਗ ਉਠਦਾ ਹੈ ਤਾਂ ਆਕਾਸ਼ ਨੂੰ ਛੂੰਹਦੀ ਹੋਈ ਪ੍ਰਗਤੀ ਵੀ ਢਹਿ ਢੇਰੀ ਹੋ ਜਾਂਦੀ ਹੈ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਗਿਬਨ ਨੇ ਆਪਣੀ ਪੁਸਤਕ 'ਰੋਮ ਰਾਜ ਦਾ ਸਿਖਰ ਅਤੇ ਅੰਤ' ਵਿਚ ਲਿਖਿਆ ਹੈ ਕਿ ਮਾਸੂਮਾਂ ਦਾ ਖ਼ੂਨ ਵਗਾਣ ਵਾਲੇ ਮਲੀਆਮੇਟ ਹੋ ਜਾਇਆ ਕਰਦੇ ਹਨ। ਇਸ ਲੇਖਕ ਨੇ ਇਸ ਪੁਸਤਕ ਵਿਚ ਸ਼ਾਹੀ ਜ਼ੁਲਮਾਂ ਦਾ ਵਰਨਣ ਕਰਦੇ ਹੋਏ ਇਕ ਵਹਿਸ਼ਿਆਨਾ ਘਟਨਾ ਦਾ ਜ਼ਿਕਰ ਕੀਤਾ ਹੈ। ਲਿਖਿਆ ਹੈ ਕਿ ਰੋਮ ਦੇ ਇਕ ਬਾਦਸ਼ਾਹ ਨੇ ਇਕ ਖੂਹ ਵਰਗਾ ਅਖਾੜਾ ਬਣਾ ਰੱਖਿਆ ਸੀ, ਉਸ ਵਿਚ ਇਕ ਸ਼ੇਰ ਪਾਲਿਆ ਹੋਇਆ ਸੀ। ਉਪਰ ਅਖਾੜੇ ਦੇ ਆਲੇ ਦੁਆਲੇ ਸ਼ਾਹੀ ਪਰਿਵਾਰ ਦੇ ਬੈਠਣ ਲਈ ਕੁਰਸੀਆਂ ਲਗਾਈਆਂ ਹੋਈਆਂ ਸਨ। ਇਸ ਪਰਿਵਾਰ ਦੇ ਮੈਂਬਰ ਜਦੋਂ ਦਿਲਪ੍ਰਚਾਵੇ ਦੀ ਇਛਾ ਕਰਦੇ ਤਾਂ ਉਹ ਇਨ੍ਹਾਂ ਕੁਰਸੀਆਂ ਉੱਤੇ ਆ ਕੇ ਬਿਰਾਜਮਾਨ ਹੋ ਜਾਂਦੇ। ਬਾਦਸ਼ਾਹ ਆਪਣੇ ਅਹਿਲਕਾਰਾਂ ਨੂੰ ਹੁਕਮ ਕਰਦਾ ਕਿ ਰਾਜ ਦੇ ਕਿਸੇ ਇਕ ਵਿਅਕਤੀ ਨੂੰ ਫੜ ਕੇ ਲੈ ਆਉਣ। ਫਿਰ ਇਸ ਫੜੇ ਹੋਏ ਵਿਅਕਤੀ ਨੂੰ ਸ਼ਾਹੀ ਆਦੇਸ਼ਾਂ ਅਧੀਨ ਉਸ ਸ਼ੇਰ ਅਗੇ ਸੁੱਟਿਆ ਜਾਂਦਾ, ਜਿਹੜਾ ਅਖਾੜੇ ਵਿਚ ਪਾਲਿਆ ਹੁੰਦਾ ਸੀ। ਇਸ ਤੋਂ ਮਗਰੋਂ ਸ਼ੇਰ ਅਤੇ ਨਿਮਾਣੇ ਨਿਹੱਥੇ ਅਤੇ ਮਾਸੂਮ ਮਨੁੱਖ ਵਿਚਕਾਰ ਘੋਲ ਸ਼ੁਰੂ ਹੋ ਜਾਂਦਾ। ਸ਼ੇਰ ਜਦੋਂ ਉਸ ਨੂੰ ਆਪਣੇ ਪੰਜਿਆਂ ਨਾਲ ਦਬੋਚਦਾ ਤਾਂ ਉਹ ਮਨੁੱਖ ਆਪਣੇ ਆਪ ਨੂੰ ਛੁਡਾਉਣ ਦੀ ਕੋਸ਼ਿਸ਼ ਕਰਦਾ। ਜਦੋਂ ਸ਼ੇਰ ਆਪਣੇ ਦੰਦਾਂ ਨਾਲ ਚੀਰਦਾ ਫਾੜਦਾ ਤਾਂ ਉਹ ਰੋਂਦਾ ਕੁਰਲਾਂਦਾ ਕੀਰਨੇ ਪਾਂਦਾ ਅਤੇ ਰਹਿਮ ਦੀ ਭੀਖ ਮੰਗਦਾ। ਮਨੁੱਖਤਾ ਲਈ ਜਿਥੇ ਇਹ ਘਿਨਾਉਣਾ ਅਤੇ ਵਹਿਸ਼ੀਆਨਾ ਦ੍ਰਿਸ਼ ਹੁੰਦਾ ਉਥੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਲਈ ਇਹ ਮਨਪ੍ਰਚਾਵੇ ਦਾ ਸਰੋਤ ਹੁੰਦਾ ਅਤੇ ਇਹ ਮਾਸੂਮ ਮਨੁੱਖ ਜਿੰਨਾ ਜ਼ਿਆਦਾ ਤੜਫਦਾ, ਸ਼ਾਹੀ



www.AKJ.Org

ਪਰਿਵਾਰ ਦੇ ਮੈਂਬਰ ਉਨੀਆਂ ਜ਼ਿਆਦਾ ਤਾੜੀਆਂ ਮਾਰਦੇ।

ਇਸ ਪ੍ਰਕਾਰ ਗਿਬਨ ਨੇ ਇਹ ਨਿਚੋੜ ਕੱਢਿਆ ਕਿ ਜੇਕਰ ਰਾਜ-ਸੱਤਾ ਵਿਚ ਰਹਿਣ ਵਾਲੇ ਵਿਅਕਤੀ ਲੋਕ-ਭਲਾਈ ਕੰਮਾਂ ਨੂੰ ਤਿਲਾਂਜਲੀ ਦੇ ਦੇਣ, ਨਿਜੀ ਐਸ਼-ਪ੍ਰਸਤੀ ਵਿਚ ਪੈ ਜਾਣ, ਮਨੁੱਖੀ ਕਦਰਾਂ ਕੀਮਤਾਂ ਨੂੰ ਤਲਾਕ ਦੇ ਦੇਣ ਅਤੇ ਬੇਦੋਸ਼ਿਆਂ ਦੇ ਖ਼ੂਨ ਨਾਲ ਹੋਲੀ ਖੇਡਣੀ ਸ਼ੁਰੂ ਕਰ ਦੇਣ ਤਾਂ ਅਜਿਹਾ ਰਾਜ ਢਹਿ ਢੇਰੀ ਹੋ ਜਾਂਦਾ ਹੈ। ਜਿਹੜੀ ਉਦਾਹਰਣ ਗਿਬਨ ਨੇ ਰੋਮ ਰਾਜ ਬਾਰੇ ਦਿੱਤੀ ਹੈ, ਇਹ ਸਾਰੇ ਵਿਸ਼ਵ 'ਤੇ ਲਾਗੂ ਹੁੰਦੀ ਹੈ।

ਅੱਜ ਪੰਜਾਬ ਵਿਚ ਬੇਦੋਸ਼ਿਆਂ ਦੇ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਹੈ। ਇਸ ਵਿਚ ਦੋ ਧਿਰਾਂ ਦੀ ਦੌੜ ਲੱਗੀ ਹੋਈ ਹੈ : ਇਕ ਸਰਕਾਰ ਅਤੇ ਦੂਜੇ ਖਾੜਕੂਆਂ ਦੀ। ਸਮੇਂ ਸਮੇਂ ਪ੍ਰੈਸ ਕਾਨਫਰੰਸਾਂ ਆਯੋਜਿਤ ਕਰ ਕੇ ਪੁਲਿਸ ਅਧਿਕਾਰੀ ਅਤੇ ਹੋਰ ਉੱਚ ਅਧਿਕਾਰੀ ਅਜਿਹੇ ਅੰਕੜੇ ਪ੍ਰਦਾਨ ਕਰਦੇ ਹਨ, ਜਿਹਨਾਂ ਵਿਚ ਸੁਰੱਖਿਆ ਕਰਮਚਾਰੀਆਂ, ਖਾੜਕੂਆਂ ਅਤੇ ਮਾਸੂਮ ਲੋਕਾਂ ਦੀਆਂ ਲਾਸ਼ਾਂ ਦੀ ਗਿਣਤੀ ਦੱਸੀ ਜਾਂਦੀ ਹੈ। ਜੇਕਰ ਦਿੱਤੀ ਗਈ ਗਿਣਤੀ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ ਖਾੜਕੂਆਂ ਦੀਆਂ ਅਰਥੀਆਂ ਵਿਚ ਵਾਧਾ ਹੋਵੇ ਤਾਂ ਸੁਰੱਖਿਆ ਦਸਤਿਆਂ ਲਈ ਇਹ ਇਕ ਉਤਸ਼ਾਹਜਨਕ ਗੱਲ ਹੁੰਦੀ ਹੈ, ਜਦੋਂ ਕਿ ਸੁਰੱਖਿਆ ਕਰਮਚਾਰੀਆਂ ਦੀਆਂ ਮੌਤਾਂ ਦੇ ਵਾਧੇ ਨਾਲ ਉਨ੍ਹਾਂ ਦੇ ਮਨੋਬਲ ਨੂੰ ਢਾਅ ਲਗਦੀ ਹੈ।

ਪ੍ਰੰਤੂ ਇਸ ਲੇਖੇ ਜੋਖੇ ਵਿਚ ਮਾਸੂਮਾਂ ਦੇ ਖ਼ੂਨ ਪ੍ਰਤੀ ਕਿਸੇ ਵੀ ਪਾਸੇ ਤੋਂ ਗੰਭੀਰਤਾ ਦੇ ਚਿੰਨ੍ਹ ਨਜ਼ਰ ਨਹੀਂ ਆਉਂਦੇ। ਅਜਿਹਾ ਕਿਉਂ ? ਕਿਸੇ ਮਨੁੱਖ ਦੇ ਖ਼ੂਨ ਦਾ ਰੰਗ ਕਿਸੇ ਖਾੜਕੂ ਜਾਂ ਸੁਰੱਖਿਆ ਕਰਮਚਾਰੀ ਨਾਲੋਂ ਵੱਖਰਾ ਹੁੰਦਾ ਹੈ ? ਜੇਕਰ ਬਜ਼ਾਰ ਵਿਚ ਖ਼ੂਨ ਦੀ ਵਿਕਰੀ ਸ਼ੁਰੂ ਕੀਤੀ ਜਾਵੇ ਤਾਂ ਕੀ ਕਿਸੇ ਖਾੜਕੂ ਜਾਂ ਸੁਰੱਖਿਆ ਦਸਤੇ ਦੇ ਮੈਂਬਰ ਦੇ ਖ਼ੂਨ ਦਾ ਮੁੱਲ ਕਿਸੇ ਮਾਸੂਮ ਦੇ ਖ਼ੂਨ ਨਾਲੋਂ ਜ਼ਿਆਦਾ ਮਿਲੇਗਾ ? ਖ਼ੂਨ ਤਾਂ ਖ਼ੂਨ ਹੀ ਹੁੰਦਾ ਹੈ, ਇਸ ਦਾ ਰੰਗ ਲਾਲ ਹੀ ਰਹੇਗਾ। ਇਹ ਗੱਲ ਵੱਖਰੀ ਹੈ ਕਿ ਰਾਜਨੀਤਕ ਮੰਤਵਾਂ ਲਈ ਅਸੀਂ ਕਿਸੇ ਦੇ ਖ਼ੂਨ ਨੂੰ ਕੌਮੀ ਏਕਤਾ ਲਈ ਵਗਾਇਆ ਖ਼ੂਨ ਕਹਿ ਦਈਏ (ਇੰਦਰਾ ਗਾਂਧੀ ਅਤੇ ਰਾਜੀਵ ਦਾ ਖ਼ੂਨ) ਅਤੇ ਕਿਸੇ ਹੋਰ ਦੇ ਖ਼ੂਨ ਨੂੰ ਅਸੀਂ ਦੇਸ਼-ਧਰੋਹੀ ਦਾ ਲਹੂ ਕਹਿ ਦੇਈਏ।

ਅੱਜ ਜੋ ਅਸੀਂ ਪੰਜਾਬ ਦਾ ਸੰਤਾਪ ਭੋਗ ਰਹੇ ਹਾਂ, ਜੇਕਰ ਅਸੀਂ ਇਸ ਦੇ ਪਿਛੋਕੜ ਤੇ ਝਾਤ ਮਾਰੀਏ ਤਾਂ ਸਾਨੂੰ ੧੯੪੮ ਵਿਚ ਲਿਖੇ ਹੋਏ ਉਸ ਪੱਤਰ ਤੋਂ ਸ਼ੁਰੂ ਕਰਨਾ ਪਵੇਗਾ ਜੋ ਉਸ ਵੇਲੇ ਦੇ ਗ੍ਰਹਿ ਮੰਤਰੀ ਸ: ਵਲਭ ਭਾਈ ਪਟੇਲ ਨੇ ਭਾਰਤ ਦੇ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਸੀ ਅਤੇ ਇਹ ਆਦੇਸ਼ ਦਿੱਤਾ ਗਿਆ ਸੀ ਕਿ ਸਿੱਖ ਇਕ ਜਰਾਇਮ-ਪੇਸ਼ਾ ਕੌਮ ਹਨ, ਇਸ ਲਈ ਇਨ੍ਹਾਂ ਨੂੰ ਦਬਾਅ ਕੇ ਰੱਖਿਆ ਜਾਵੇ। ੭੫ ਪ੍ਰਤੀਸ਼ਤ ਤੋਂ ਵੱਧ ਆਜ਼ਾਦੀ ਦੇ ਘੋਲ ਵਿਚ ਯੋਗਦਾਨ ਦੇਣ ਵਾਲਿਆਂ ਨੂੰ ਭਾਰਤ ਦੀ ਸਰਕਾਰ ਦਾ ਇਹ ਪਹਿਲਾ ਤੋਹਫ਼ਾ ਸੀ। ਇਹ ਪਹਿਲੀ ਚਿੰਗਾਰੀ ਜੋ ਹੁਕਮਰਾਨਾਂ ਨੇ ਛੱਡੀ, ਉਸ ਨੂੰ ਪੰਜਾਬ ਦੀ ਮੁਤੱਸਬੀ ਆਰੀਆ ਸਮਾਜੀ ਹਿੰਦੂ ਪ੍ਰੈਸ ਨੇ ਭਾਂਬੜਾਂ ਵਿਚ ਬਦਲ ਦਿਤਾ। ਇਨ੍ਹਾਂ ਅਖਬਾਰਾਂ ਦੀਆਂ ਸੰਪਾਦਕੀ ਲਿਖਤਾਂ ਵਿਚ ਪੰਜਾਬ ਦੇ ਵਸਨੀਕ ਪੰਜਾਬੀ ਹਿੰਦੂਆਂ ਨੂੰ ੧੯੫੧ ਅਤੇ ੧੯੬੧ ਵਿਚ ਹੋਈ ਮਰਦਮਸ਼ੁਮਾਰੀ ਵਿਚ ਮਾਤ-ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਾਉਣ ਲਈ ਪ੍ਰੇਰਤ ਕੀਤਾ ਗਿਆ। ਮੇਰੇ ਪੰਜਾਬੀ ਹਿੰਦੂ ਵੀਰ ਇਹ ਗੱਲ ਭੁੱਲ ਗਏ ਕਿ ਸਾਰੇ ਭਾਰਤ ਵਿਚੋਂ ਇਕ ਹੀ ਪੰਜਾਬੀ ਹਿੰਦੂ ਰਾਜਾ (ਪੋਰਸ) ਨਿਤਰਿਆ ਸੀ ਜੋ ਵਿਸ਼ਵ ਵਿਜੇਤਾ ਮਹਾਂਬਲੀ ਸਿਕੰਦਰ ਦੀ ਅਧੀਨਗੀ ਨਾ ਕਬੂਲ ਕਰਕੇ ਜੰਗ ਵਿਚ ਜੂਝਿਆ। ਪੰਜਾਬ ਦੇ ਪੰਜਾਬੀ ਹਿੰਦੂ ਇਹ ਗੱਲ ਭੁੱਲ ਗਏ ਕਿ ਪੰਜਾਬ ਨੂੰ ਭਾਰਤ ਦਾ ਮੁੱਖ ਮਾਰਗ ਮੰਨਿਆ ਜਾਂਦਾ ਹੈ। ਜਿਸ ਬਹਾਦਰੀ ਨਾਲ ਪੰਜਾਬੀ ਲੋਕਾਂ ਨੇ ਜਾਬਰ ਹਮਲਾਵਰਾਂ ਨਾਲ ਲੋਹਾ ਲਿਆ, ਉਸ ਦੀ ਮਿਸਾਲ ਵਿਸ਼ਵ ਭਰ ਵਿਚ ਕਿਸੇ ਹੋਰ ਕੋਨੇ ਵਿਚੋਂ ਨਹੀਂ ਮਿਲਦੀ। ਅਸੀਂ ਰਾਸ਼ਟਰੀ ਏਕਤਾ ਦੇ ਗੀਤ ਗਾਉਂਦੇ ਨਹੀਂ ਥੱਕਦੇ, ਪਰੰਤੂ ਪੰਜਾਬ ਵਲ ਪਿਠ ਕਰ ਕੇ ਇਹ ਏਕਤਾ ਕਿਵੇਂ ਪ੍ਰਾਪਤ ਹੋ ਸਕਦੀ ਹੈ। ਇਸ ਪ੍ਰਤੀ ਅਖੌਤੀ ਦੇਸ਼-ਭਗਤਾਂ ਨੂੰ ਸੋਚਣ ਲਈ ਮਜਬੂਰ ਕਰਨ ਦੀ ਲੋੜ ਹੈ।

੧੯੫੧ ਅਤੇ ੧੯੬੧ ਦੀ ਮਰਦਮਸ਼ੁਮਾਰੀ ਦੌਰਾਨ ਪੰਜਾਬੀ ਹਿੰਦੂਆਂ ਦੀ ਇਕ ਵੱਡੀ ਗਿਣਤੀ ਨੇ



www.AKJ.Org

ਆਪਣੀ ਮਾਂ-ਬੋਲੀ ਹਿੰਦੀ ਲਿਖਾ ਦਿਤੀ। ਕੇਂਦਰ ਦੀ ਸਰਕਾਰ ਨੇ ਬੋਲੀ ਦੇ ਆਧਾਰ ਤੇ ਪੰਜਾਬੀ ਸੂਬੇ ਦਾ ਪੁਨਰਗਠਨ ੧੯੬੧ ਦੇ ਅੰਕੜਿਆਂ ਅਨੁਸਾਰ ਕਰ ਦਿੱਤਾ, ਜਿਸ ਦੇ ਫਲ-ਸਰੂਪ ਲੰਗੜਾ ਪੰਜਾਬੀ ਸੂਬਾ ਹੋਂਦ ਵਿਚ ਆਇਆ। ਹਰਿਆਣੇ ਦੇ ਜਾਟਾਂ ਅਤੇ ਬਿਸ਼ਨੋਈਆਂ ਨੂੰ ਬਿਨਾਂ ਸੰਘਰਸ਼ ਇਕ ਵੱਖਰਾ ਸੂਬਾ ਮਿਲ ਗਿਆ। ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿਚ ਬਹੁਤ ਸਾਰੇ ਪੰਜਾਬੀ ਇਲਾਕੇ ਇਸ ਲਈ ਚਲੇ ਗਏ ਕਿਉਂਕਿ ਉਥੇ ਬਹੁਗਿਣਤੀ ਪੰਜਾਬੀ ਹਿੰਦੂਆਂ ਦੀ ਸੀ ਅਤੇ ਉਨ੍ਹਾਂ ਨੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਾਈ ਹੋਈ ਸੀ।

ਪੰਜਾਬ ਪ੍ਰਤੀ ਪੰਜਾਬੀ ਹਿੰਦੂਆਂ ਦਾ ਵਿਰੋਧ ਉਸ ਵੇਲੇ ਹੋਰ ਵੀ ਨੰਗਾ ਹੋ ਕੇ ਆਇਆ ਜਦੋਂ ਫ਼ਰਵਰੀ ੧੯੪੯ ਦੇ ਮਤਾ ਨੰਬਰ ੯੮ ਦੇ ਤਹਿਤ ਜਲੰਧਰ ਦੀ ਨਗਰ ਪਾਲਿਕਾ ਨੇ ਇਹ ਨਿਰਣਾ ਲਿਆ ਕਿ ਹਿੰਦੂਆਂ ਦੁਆਰਾ ਚਲਾਏ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਦੀ ਥਾਂ ਤੇ ਹਿੰਦੀ ਹੋਵੇਗਾ। ਅਜਿਹਾ ਇਸ ਲਈ ਹੋ ਸਕਿਆ ਕਿਉਂਕਿ ਨਗਰ ਪਾਲਿਕਾ ਉਤੇ ਪੰਜਾਬ ਅਤੇ ਪੰਜਾਬੀ ਵਿਰੋਧੀ ਪੰਜਾਬੀ ਹਿੰਦੂਆਂ ਦਾ ਕਬਜ਼ਾ ਸੀ।

ਪੰਜਾਬ ਦੀ ਅਜੋਕੀ ਦਸ਼ਾ ਲਈ ਸਰਕਾਰ ਅਧੀਨ ਮੀਡੀਆ (ਪ੍ਰੈਸ, ਟੈਲੀਵੀਜਨ, ਰੇਡੀਓ) ਨੇ ਪੂਰੀ ਮਨ-ਮਾਨੀ ਕੀਤੀ ਹੈ ਅਤੇ ਸਿੱਖਾਂ ਦਾ ਵਿਸ਼ੇਸ਼ ਰੂਪ ਵਿਚ ਜੋ ਭੱਦਾ ਚਿਤਰਣ ਕੀਤਾ ਹੈ, ਉਸ ਤੋਂ ਪ੍ਰਤੀਤ ਹੁੰਦੀ ਹੈ ਕਿ ਇਸ ਦਾ ਅੰਤ ਖਾਨਾ-ਜੰਗੀ ਵਲ ਵੱਧ ਰਿਹਾ ਹੈ।

ਪੰਜਾਬ ਵਿਚ ਚੋਣ ਕਰਾਉਣ ਲਈ ਸੀ. ਆਰ. ਪੀ. ਤੋਂ ਇਲਾਵਾ ਫ਼ੌਜ ਬੁਲਾ ਲਈ ਗਈ ਹੈ। ਕੀ ਹੁਣ ਦਾ ਫ਼ੌਜੀ ਐਕਸ਼ਨ ਨੀਲਾ ਤਾਰਾ ਐਕਸ਼ਨ ਨਾਲੋਂ ਵੱਡਾ ਹੋ ਸਕਦਾ ਹੈ? ਕੀ ਨੀਲਾ ਤਾਰਾ ਐਕਸ਼ਨ ਕਰਨ ਤੋਂ ਬਾਅਦ ਸਿੱਖ ਖਾੜਕੂਆਂ ਦਾ ਸਫਾਇਆ ਕਰ ਦਿੱਤਾ ਗਿਆ? ਕੀ ਲੋਕਤੰਤਰੀ ਸਰਕਾਰ ਬਣਾਉਣ ਦੇ ਬਹਾਨੇ ਸਿੱਖ ਨੌਜੁਆਨਾਂ ਨੂੰ ਕਤਲ ਕਰ ਕੇ ਸਮਝੌਤੇ ਲਈ ਹੋਰ ਕੰਡੇ ਨਹੀਂ ਬੀਜੇ ਜਾ ਰਹੇ?

ਜਦੋਂ ਵਾੜ ਹੀ ਖੇਤ ਨੂੰ ਖਾਵੇ ਤਾਂ ਕੌਣ ਬਚਾਵੇ। ਇੰਦਰਾ ਗਾਂਧੀ ਦੇ ਕਤਲ ਮਗਰੋਂ ਰਾਜੀਵ ਸਰਕਾਰ ਨੇ ਸਿੱਖਾਂ ਦਾ ਕਤਲੇਆਮ ਕਰਾਇਆ, ਇਹ ਹੁਣ ਛਿੱਪੀ ਹੋਈ ਗੱਲ ਨਹੀਂ। ਜਿਨ੍ਹਾਂ ਨਾਮਵਰ ਅਧਿਕਾਰੀਆਂ; ਲੀਡਰਾਂ, ਗੁੰਡਿਆਂ ਆਦਿ ਦੇ ਨਾਮ ਮਨੁੱਖਤਾ ਦੇ ਪਹਿਰੇਦਾਰਾਂ ਨੇ ਆਪਣੀਆਂ ਰਿਪੋਰਟਾਂ ਵਿਚ ਦਰਜ ਕੀਤੇ ਹਨ, ਉਹ ਅੱਜ ਵੀ ਜਾਂ ਤਾਂ ਸਰਕਾਰੀ ਅਹੁਦਿਆਂ ਤੇ ਹਨ ਜਾਂ ਸਰਕਾਰੀ ਛਤਰ-ਛਾਇਆ ਹੇਠ ਪਲ ਰਹੇ ਹਨ। ਕਾਤਲ ਤਾਂ ਕਾਤਲ ਹੀ ਹੁੰਦਾ ਹੈ, ਉਹ ਭਾਵੇਂ ਕੋਈ ਮੰਤਰੀ ਹੋਵੇ, ਭਾਵੇਂ ਚਪੜਾਸੀ। ਅਜੇ ਤਕ ਨਵੰਬਰ ੮੪ ਦੇ ਦੰਗਿਆਂ ਦੇ ਦੋਸ਼ੀਆਂ ਦਾ ਵਾਲ ਤੱਕ ਵਿੰਗਾ ਨਹੀਂ ਹੋਇਆ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਇਕ ਬ੍ਰਾਹਮਣ ਔਰਤ ਦੀ ਪੱਤ ਬਚਾਉਣ ਲਈ ੪੦੦ ਸਿੰਘ ਸ਼ਹੀਦ ਕਰਵਾ ਲਏ ਸਨ, ਪਰੰਤੂ ਨਵੰਬਰ ੮੪ ਦੇ ਦੰਗਿਆਂ ਦੌਰਾਨ ਕਿਸੇ ਅਣਖੀਲੀ ਕੌਮ ਦੀਆਂ ਧੀਆਂ ਭੈਣਾਂ ਦੀ ਸ਼ਰੇਆਮ ਪੱਤ ਲੁੱਟੀ ਗਈ। ਪਰੰਤੂ ਇਹ ਕਿਤਨੀ ਵੇਦਨਾਸ਼ੀਲ ਅਤੇ ਕਿਤਨੀ ਚੁੱਭਣ ਵਾਲੀ ਸਥਿਤੀ ਹੈ ਕਿ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕੀ। ਇਸ ੩੩ ਕਰੋੜ ਦੇਵੀ ਦੇਵਤਿਆਂ ਵਾਲੇ ਲੋਕਾਂ ਵਲੋਂ ਹਮਦਰਦੀ ਦੇ ਚਾਰ ਸ਼ਬਦ ਵੀ ਨਹੀਂ ਕਹੇ ਗਏ। ਏਡੀ ਵੱਡੀ ਭਾਰਤੀ ਸੰਸਦ ਵਿਚ ਇਸ ਵਿਸ਼ੇ ਉਤੇ ਕੋਈ ਵਾਦ-ਵਿਵਾਦ ਨਹੀਂ ਛਿੜਿਆ।

ਹੁਣ ਕੁਝ ਪ੍ਰਸ਼ਨ ਸਾਹਮਣੇ ਆਉਂਦੇ ਹਨ ਕਿ ਕਿਸੇ ਇਕ ਰਾਜਨੀਤਕ ਨੇਤਾ ਦੇ ਕਤਲ ਨਾਲ ਸਾਰੀਆਂ ਰਾਜਨੀਤਕ ਪਾਰਟੀਆਂ ਕੁਰਲਾ ਉਠਦੀਆਂ ਹਨ, ਸਰਕਾਰ ਬੌਖਲਾ ਜਾਂਦੀ ਹੈ। ਕੋਈ ਦਸੇਗਾ ਕਿ ਨਵੰਬਰ ੮੪ ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਮਿਲ ਕੇ ਸੰਘਰਸ਼ ਦਾ ਐਲਾਨ ਕਿਉਂ ਨਹੀਂ ਕਰਦੀਆਂ? ਪੰਜਾਬ ਦੀਆਂ ਹੱਕੀ ਮੰਗਾਂ ਲਈ ਲਾਮਬੰਦ ਕਿਉਂ ਨਹੀਂ ਹੁੰਦੀਆਂ? ਮੁਤੱਸਬੀ ਲੀਡਰਾਂ ਅਤੇ ਲੋਕਾਂ ਨੂੰ ਠੱਲ੍ਹ ਕਿਉਂ ਨਹੀਂ ਪਾਉਂਦੀਆਂ? ਅੱਜ ਵੀ ਬਾਲ ਠਾਕਰੇ ਵਰਗੇ ਆਪਣ ਘਿਨਾਉਣੇ ਅਤੇ ਘਾਤਕ ਬਿਆਨ ਦੇਣ ਤੋਂ ਬਾਜ਼ ਨਹੀਂ ਆ ਰਹੇ। ਉਸ ਨੇ ਹੁਣੇ ਜਿਹੇ ਨਵੰਬਰ ਦੇ 'ਜੈਂਟਲਮੈਨ' ਵਿਚ ਬਿਆਨ ਦਿਤਾ ਹੈ 'ਮੈਂ ਖਾਲਿਸਤਾਨੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਖਾਲਿਸਤਾਨ ਲੈ ਲਵੋ ਪਰੰਤ


[ਬਾਕੀ ਸਫ਼ਾ ੨੮ ਹੇਠਾਂ]

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨)

ਨਾਨਾ ਮਿਸਟਾਨ ਪਾਨ ਬਹੁ ਬਿੰਜਨਾਦਿ ਸ੍ਵਾਦ,
ਸੀਂਚਤ ਸਰਬ ਰਸ, ਰਸਨਾ ਕਹਾਈ ਹੈ ॥
ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਲਿਵ,
ਗਿਆਨ ਧਿਆਨ ਸਿਮਰਨ, ਅਮਿਤ ਬਡਾਈ ਹੈ ॥
ਸੱਕਲ ਸੁਰਤਿ ਅਸਪਰਸ, ਅਉ ਰਾਗ ਨਾਦ,
ਬੁਧਿ ਬਲ ਬਚਨ, ਬਿਬੇਕ ਟੇਕ ਪਾਈ ਹੈ ॥
ਗੁਰਮਤਿ ਸਤਿਨਾਮ ਸਿਮ੍ਰਤ ਸਫਲ ਹੋਇ,
ਬੋਲਤ ਮਧੁਰ ਧੁਨਿ, ਸੁਨਿ ਸੁਖਦਾਈ ਹੈ ॥੫॥੧੩॥

**ਪਦ ਅਰਥ** : ਨਾਨਾ ਮਿਸਟਾਨ ਪਾਨ—ਕਈ ਤਰ੍ਹਾਂ ਦੇ ਮਿਠੇ ਪਦਾਰਥ ਛਕਣ [ਨਾਲ। ਬਿਜਨਾਦਿ—ਸਾਗ ਸਲੂਣੇ ਆਦਿ। ਸੀਂਚਤ—ਇਕੱਠੇ ਕਰਨ,ਲੈਣ ਨਾਲ। ਰਸਨਾ—ਰਸ ਲੈਣ ਵਾਲੀ, ਜੀਭ। ਦ੍ਰਿਸਟਿ—ਨੇਤਰ-ਸ਼ਕਤੀ।ਦਰਸ—ਦਰਸ਼ਨ। ਸੁਰਤਿ-ਸ੍ਰਵਣ, ਕੰਨ। ਅਮਿਤ—ਬੇਅੰਤ। ਬਿਬੇਕ—ਗਿਆਨ। ਸਿਮ੍ਰਤ—ਸਿਮਰਨ ਕਰਕੇ। ਮਧੁਰ—ਮਿੱਠੀ।

**ਅਰਥ** : ਕਈ ਤਰ੍ਹਾਂ ਦੇ ਮਿਠੇ ਭੋਜਨ ਅਤੇ ਸਵਾਦੀ ਸਾਗ ਸਲੂਣਿਆਂ ਆਦਿ ਦੇ ਰਸ ਮਾਣਨ ਕਰਕੇ ਅਤੇ ਕਈ ਤਰ੍ਹਾਂ ਦੇ ਰਸ ਲੈਣ ਕਰਕੇ ਹੀ 'ਰਸਨਾ' ਅਖਵਾਂਦੀ ਹੈ।

(ਕਈ ਤਰ੍ਹਾਂ ਦੇ ਰੂਪਾਂ ਅਤੇ ਜੀਵਾਂ ਦੇ) ਦਰਸ਼ਨ ਕਰਨ ਕਰਕੇ ਨੇਤਰ-ਸ਼ਕਤੀ ਅਖਵਾਈ ਹੈ ਅਤੇ ਕਈ ਤਰ੍ਹਾਂ ਦੇ ਸ਼ਬਦਾਂ ਨੂੰ ਸੁਣਨ ਕਰਕੇ ਕੰਨ ਅਖਵਾਏ ਹਨ। (ਇਨ੍ਹਾਂ ਸ਼ਕਤੀਆਂ ਦੇ ਤੁਫੈਲ ਹੀ ਪ੍ਰਾਣੀ) ਕਈ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਦਾ ਹੈ, ਕਈ ਤਰ੍ਹਾਂ ਦੇ ਵਿਚਾਰਾਂ ਵਿਚ ਸੁਰਤ ਜੋੜਦਾ ਹੈ ਅਤੇ ਕਈ ਤਰ੍ਹਾਂ ਦੀਆਂ ਗੱਲਾਂ ਸੁਣਨ-ਚੇਤੇ ਕਰਨ ਨਾਲ ਬੜੀ ਸ਼ੋਭਾ ਪਾਉਂਦਾ ਹੈ।

(ਤੁਚਾ-ਚੰਮੜੀ ਰਾਹੀਂ) ਸਭ ਤਰ੍ਹਾਂ ਦੀ ਸਪਰਸ਼-ਅਸਪਰਸ਼ ਦੀ ਸੋਝੀ, ਕਈ ਤਰ੍ਹਾਂ ਦੇ ਰਾਗ-ਨਾਦੋ ਦਾ ਸੁਆਦ ਅਤੇ ਬੁਧ, ਬਲ, ਬੋਲ ਤੇ ਕਈ ਤਰ੍ਹਾਂ ਦੇ ਗਿਆਨ ਆਦਿ ਦਾ ਸਹਾਰਾ ਮਨੁਖ ਪ੍ਰਾਪਤ ਕਰਦਾ ਹੈ।

ਪਰ ਪ੍ਰਾਣੀ ਦੇ ਇਹ ਸਾਰੇ ਗਿਆਨ-ਇੰਦਰੇ ਤਦੇ ਹੀ ਸਫਲੇ ਹਨ ਜੇ ਪ੍ਰਾਣੀ ਗੁਰੂ ਦੀ ਮਤ ਦੁਆਰਾ ਸੱਚ-ਸਰੂਪ ਵਾਹਿਗੁਰੂ ਦਾ ਸਿਮਰਨ ਕਰਦਾ, ਨਾਮ ਦੀ ਮਿੱਠੀ ਧੁਨੀ ਗੁੰਜਾਦਾ ਹੈ, ਜੋ ਪ੍ਰਾਣੀ ਨੂੰ ਸੱਚਾ ਸੁਖ ਦੇਂਦੀ ਹੈ।੫।੧੩।

**ਭਾਵ** : ਜੀਭ, ਅੱਖਾਂ, ਕੰਨ, ਨੱਕ ਆਦਿ ਗਿਆਨ-ਇੰਦਰਿਆਂ ਨੂੰ ਖਾਣ ਪੀਣ, ਬੋਲਣ-ਚਾਲਣ, ਵੇਖਣ ਸੁਣਨ ਦੇ ਅਨਿਕ ਪ੍ਰਕਾਰੀ ਰਸਾਂ ਨੂੰ ਮਾਣਨ ਦਾ ਹੀ ਆਹਰ ਹੈ, ਪਰ ਅਸਲੀ ਸੁਖ ਗੁਰੂ ਦੀ ਸਿਖਿਆ ਦੁਆਰਾ ਇਨ੍ਹਾਂ ਇੰਦਰਿਆਂ ਨੂੰ ਨਾਮ ਨਾਲ ਜੋੜਨ ਵਿਚ ਹੀ ਹੈ।

ਪ੍ਰੇਮ ਰਸ ਬਸ ਹੁਇ ਪਤੰਗੁ ਸੰਗਮ ਨ ਜਾਨੈ,
ਬਿਰਹ ਬਿਛੋਹ ਮੀਨ ਹੋਇ ਨ ਮਰ ਜਾਨੈ ਹੈ ॥
ਦਰਸ ਧਿਆਨ ਜੋਤਿ ਮੈ, ਨ ਹੁਇ ਜੋਤੀ ਸਰੂਪ,
ਚਰਨ ਬਿਮੁਖ ਹੋਇ, ਪ੍ਰਾਨ ਠਹਿਰਾਨੇ ਹੈ ॥
ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹੁ ਜਾਨੀ,
ਮੀਨ ਅਉ ਪਤੰਗ, ਮੋਹਿ ਦੇਖਤ ਲਜਾਨੇ ਹੈ ॥
ਮਾਨਸ ਜਨਮੁ ਧ੍ਰਿਗੁ, ਧੰਨੁ ਹੈ ਤ੍ਰਿਗਦ ਜੋਨਿ,
ਕਪਟ ਸਨੇਹ ਦੇਹ, ਨਰਕ ਨ ਮਾਨੇ ਹੈ ॥੬॥੧੪॥



www.AKJ.Org

**ਪਦ ਅਰਥ** : ਪਤੰਗੁ–ਪਤੰਗਾ । ਸੰਗਮ–ਮਿਲਾਪ । ਬਿਰਹ ਵਿਛੋਹ–ਜੁਦਾਈ ਦਾ ਵਿਛੋੜਾ । ਮੀਨ–ਮੱਛੀ । ਜੋਤਿ ਮੈ–ਜੋਤੀ ਵਿਚ । ਜੋਤੀ ਸਰੂਪ–ਪ੍ਰੀਤਮ ਦਾ ਸਰੂਪ, ਪ੍ਰੀਤਮ ਨਾਲ ਇਕ ਰੂਪ ਹੋਣਾ । ਪ੍ਰਾਨ ਠਹਿਰਾਨੇ ਹੈ–ਪ੍ਰਾਣ ਕਾਇਮ ਹਨ, ਭਾਵ, ਜੀਉਂਦਾ ਹੈ । ਗਤਿ–ਗਤੀ, ਅਸਲੀਅਤ । ਬਿਰਹੁ–ਵਿਛੋੜਾ । ਤ੍ਰਿਗਦ ਜੋਨਿ–ਟੇਢੀਆਂ ਜੂਨਾਂ । ਕਪਟ–ਪਖੰਡ । ਸਨੇਹ–ਪਿਆਰ । ਦੇਹ–ਦੇਹੀ ਸਰੀਰ ।

**ਅਰਥ** : ਪ੍ਰੇਮ ਦੇ ਵਸ ਹੋ ਕੇ ਪਤੰਗਾ (ਦੀਵੇ ਦੀ ਜੋਤਿ ਦੇ) ਮਿਲਾਪ (ਵਿਚ ਆਪਣਾ ਆਪ ਕੁਰਬਾਨ ਕਰ ਦੇਣ) ਦੇ ਡਰ ਨੂੰ ਨਹੀਂ ਜਾਣਦਾ ਅਤੇ ਮੱਛੀ ਨੂੰ (ਪਾਣੀ ਤੋਂ) ਵਿਛੜ ਜਾਣਾ ਬਣ ਆਵੇ ਤਾਂ ਉਹ ਮਰਨ ਤੋਂ ਡਰਦੀ ਨਹੀਂ ।

(ਪਰ ਮੈਂ ਹਾਂ, ਜੋ ਸਤਿਗੁਰਾਂ ਦੇ) ਦਰਸ਼ਨਾਂ ਦੇ ਧਿਆਨ ਵਿਚ, ਉਨ੍ਹਾਂ ਦੀ ਜੋਤੀ ਨਾਲ ਮਿਲ ਕੇ, ਉਨ੍ਹਾਂ ਵਿਚ ਲੀਨ ਨਹੀਂ ਹੋ ਜਾਂਦਾ ਅਤੇ (ਉਨ੍ਹਾਂ ਦੇ) ਚਰਨਾਂ ਤੋਂ ਬੇਮੁਖ ਹੋ ਕੇ ਵੀ ਅਜੇ ਜੀਉਂਦਾ ਹਾਂ ।

ਪਤੰਗੇ ਦੇ ਦੀਵੇ ਦੀ ਜੋਤੀ ਨਾਲ ਮਿਲਾਪ ਦੀ ਪ੍ਰੇਮ-ਗਤੀ ਅਤੇ ਮੱਛੀ ਦੇ (ਜਲ ਤੋਂ) ਵਿਛੜ ਕੇ ਮਰ ਜਾਣ ਦੀ ਅਸਲੀਅਤ, ਮੈਂ ਨਹੀਂ ਜਾਣ ਸਕਿਆ, ਜਿਸ ਕਰਕੇ ਮੱਛੀ ਤੇ ਪਤੰਗਾ (ਮੇਰੇ ਕਪਟ-ਸਨੇਹੀ ਪ੍ਰੇਮ ਨੂੰ) ਵੇਖ ਕੇ ਲਜਾਵਾਨ ਹੁੰਦੇ ਹਨ ।

(ਕਪਟ-ਸਨੇਹੀ ਪ੍ਰੇਮ ਹੋਣ ਕਰਕੇ ਮੇਰਾ) ਮਨੁਖਾ ਜਨਮ ਧ੍ਰਿਕਾਰ ਜੋਗ ਹੈ ਅਤੇ (ਪਤੰਗੇ ਤੇ ਮੱਛੀ ਵਾਂਗ) ਟੇਢੀਆਂ ਜੂਨੀਆਂ ਵਾਲੇ ਜੀਵ (ਸੱਚੀ ਪ੍ਰੀਤ ਦੇ ਕਾਰਨ) ਧੰਨਤਾ ਜੋਗ ਹਨ । ਇਸ ਦੇਹੀ ਵਿਚ ਕਪਟੀ ਪਿਆਰ ਹੋਣ ਕਾਰਨ ਮੈਨੂੰ ਨਰਕਾਂ ਨੇ ਵੀ ਥਾਂ ਨਹੀਂ ਦੇਣੀ ।੬।੧੪।

**ਗੁਰਮੁਖਿ ਸੁਖ ਫਲ ਸ੍ਵਾਦੁ ਬਿਸਮਾਦੁ ਅਤਿ,**
**ਅਕਥ ਕਥਾ ਬਿਨੋਦ ਕਹਿਤ ਨ ਆਵਈ ॥**
**ਗੁਰਮੁਖਿ ਸੁਖ ਫਲ ਗੰਧੁ ਪਰਮਦਭੁਤ,**
**ਸੀਤਲ ਕੋਮਲ ਪਰਸਤ ਬਨਿ ਆਵਈ ॥**
**ਗੁਰਮੁਖਿ ਸੁਖ ਫਲ ਮਹਿਮਾ ਅਗਾਧੁ ਬੋਧੁ,**
**ਗੁਰ ਸਿਖ ਸੰਧਿ ਮਿਲੇ ਅਲਖ ਲਖਾਵਈ ॥**
**ਗੁਰਮੁਖਿ ਸੁਖ ਫਲ ਅੰਗ ਅੰਗ ਕੋਟਿ ਸੋਭਾ,**
**ਮਯਾ ਕੈ ਦਿਖਾਵੈ ਸੋ ਤੌ ਅਨਤ ਨ ਧਾਵਈ ॥੭॥੧੫॥**

**ਪਦ ਅਰਥ** : ਗੁਰਮੁਖਿ–ਉਹ ਪੁਰਖ ਜੋ ਗੁਰੂ ਦੇ ਸਨਮੁਖ ਹੈ । ਸੁਖ ਫਲ–ਸਿਮਰਨ ਦੀ ਅਤੁਟ ਕਮਾਇ ਦੇ ਤੁਫੈਲ ਪ੍ਰਾਪਤ ਹੋਣ ਵਾਲਾ ਆਤਮ-ਅਨੰਦ, ਆਤਮ-ਗਿਆਨ । ਬਿਸਮਾਦੁ ਅਤਿ–ਬਹੁਤ ਅਚਰਜ । ਅਕਥ ਕਥਾ–ਨਾ ਬਿਆਨ ਕੀਤੀ ਜਾ ਸਕਣ ਵਾਲੀ ਕਥਾ । ਬਿਨੋਦ–ਕੌਤਕ, ਚਾਉ, ਉਮੰਗ । ਗੰਧ–ਸੁਗੰਧੀ । ਪਰਮਦਭੁਤ–ਪਰਮ ਅਦਭੁਤ, ਬਹੁਤ ਹੈਰਾਨ ਕਰ ਦੇਣ ਵਾਲਾ । ਪਰਸਤ–ਛੁਹਿਆਂ । ਅਗਾਧ–ਥਾਹ ਤੋਂ ਪਰੇ । ਬੋਧ–ਗਿਆਨ । ਸੰਧਿ–ਮਿਲਾਪ । ਅਲਖ–ਲਖਤਾ ਤੋਂ ਪਰੇ । ਕੋਟਿ–ਕਰੋੜਾਂ, ਬੇਅੰਤ । ਮਯਾ–ਕਿਰਪਾ । ਅਨਤ–ਹੋਰ ਕਿਤੇ । ਧਾਵਈ–ਦੌੜਦਾ, ਭਟਕਦਾ ।

**ਅਰਥ** : ਜੋ ਸਤਿਗੁਰੂ ਦਾ ਸਨਮੁਖ ਗੁਰਸਿਖ ਹੈ, ਉਸ ਨੂੰ ਨਾਮ-ਸਿਮਰਨ ਦੇ ਤੁਫੈਲ ਪ੍ਰਾਪਤ ਹੋਣ ਵਾਲੇ ਸੁਖ ਦਾ ਕਥਨ ਬਹੁਤ ਹੀ ਅਸਚਰਜ ਹੈ । ਇਸ ਅਨੰਦ-ਮੰਗਲ ਦੀ ਕਥਾ ਅਕੱਥ ਹੈ, ਉਹ ਕਹਿਣ ਵਿਚ ਨਹੀਂ ਆ ਸਕਦੀ ।

ਸਤਿਗੁਰੂ ਦੇ ਸਨਮੁਖ ਗੁਰਸਿਖ ਨੂੰ ਪ੍ਰਾਪਤ ਆਤਮ-ਅਨੰਦ ਦੀ ਸੁਗੰਧੀ ਬਹੁਤ ਹੀ ਅਲੌਕਿਕ ਹੈ । ਉਸ ਸੁਖ-ਫਲ ਦੀ ਸੀਤਲਤਾ ਤੇ ਕੋਮਲਤਾ ਦੇ ਰਸ ਨੂੰ ਮਾਣਨ ਤੇ ਹੀ ਉਸ ਦੀ ਸਮਝ ਆ ਸਕਦੀ ਹੈ ।

ਸਤਿਗੁਰੂ ਦੇ ਹਜ਼ੂਰੀ ਪ੍ਰਾਪਤ ਗੁਰਸਿਖ ਦੇ ਆਤਮ-ਸੁਖ ਦੀ ਮਹਿਮਾ ਦੇ ਗਿਆਨ ਦੀ ਥਾਹ ਕੋਈ ਨਹੀਂ ।


www.AKJ.Org

ਗੁਰੂ ਤੇ ਸਿਖ ਦੇ ਮਿਲਾਪ, ਸਿਖ ਗੁਰੂ ਨਾਲ ਇਕ-ਰੂਪ ਹੋਇਆਂ, ਗੁਰੂ ਦੇ ਸ਼ਬਦ ਨਾਲ ਪਰਚਾ ਪਇਆਂ ਹੀ ਇਸ ਨਾ-ਲਖੇ ਜਾਣ ਵਾਲੇ ਪਦ ਦੀ ਸਮਝ ਆ ਸਕਦੀ ਹੈ।

ਜੋ ਸਤਿਗੁਰੂ ਦਾ ਸਨਮੁਖ ਸਿਖ ਹੈ, ਉਸ ਨੂੰ ਪ੍ਰਾਪਤ ਹੋਏ ਆਤਮ-ਗਿਆਨ ਦੇ ਅੰਗ ਅੰਗ ਦੀ ਬੇਅੰਤ ਸੋਭਾ ਹੈ, ਉਸ ਸੁਖ-ਫਲ ਦੇ ਅਨੰਦ ਕਾਰਨ ਸਰੀਰ ਦਾ ਰੋਮ ਰੋਮ ਪੁਲਕਿਤ (ਰੋਮਾਂਚਿਤ) ਹੋ ਉਠਦਾ ਹੈ—'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ। (੯੪੧) । ਜਿਸ ਨੂੰ ਸਤਿਗੁਰੂ ਮਿਹਰ ਕਰ ਕੇ (ਇਹ ਅਨੰਦ ਵਾਲੀ ਅਵਸਥਾ) ਦਿਖਾ ਦੇਵੇ, ਉਹ ਫਿਰ ਹੋਰ ਕਿਸੇ ਪਾਸੇ ਨਹੀਂ ਭਟਕਦਾ।੭।੧੫।

**ਉਲਟਿ ਪਵਨੁ ਮਨੁ ਮੀਨ ਕੀ ਚਪਲ ਗਤਿ,**
**ਸਤਿਗੁਰ ਪਰਚੇ ਪਰਮ ਪਦੁ ਪਾਏ ਹੈ॥**
**ਸੂਰ ਸਰ ਸੋਖਿ, ਪੋਖਿ ਸੋਮ ਸਰ ਪੂਰਨ ਕੈ,**
**ਬੰਧਨੁ ਦੈ ਮ੍ਰਿਤ ਸਰ ਅਪਿਅ ਪੀਆਏ ਹੈ॥**
**ਅਜਰਹਿ ਜਾਰਿ, ਮਾਰਿ ਅਮਰਹਿ ਭ੍ਰਾਂਤਿ ਛੋਡਿ,**
**ਅਸਥਿਰੁ ਕੰਧੁ ਹੰਸ ਅਨਤ ਨ ਧਾਏ ਹੈ॥**
**ਆਦੈ ਆਦਿ ਨਾਦੈ ਨਾਦਿ, ਸਲਿਲੈ ਸਲਿਲ ਮਿਲਿ,**
**ਬ੍ਰਹਮੈ ਬ੍ਰਹਮੁ ਮਿਲਿ ਸਹਜਿ ਸਮਾਏ ਹੈ॥੮॥੧੬॥**

**ਪਦ ਅਰਥ** : ਉਲਟਿ—ਸੰਸਾਰਕ ਬ੍ਰਿਤੀ ਵਲੋਂ) ਉਲਟ ਕੇ। ਪਵਨੁ ਮਨੁ—ਹਵਾ ਵਰਗੇ ਤਿਖੇ ਮਨ ਨੂੰ। ਮੀਨ—ਮੱਛੀ। ਚਪਲ ਗਤਿ—ਚੰਚਲ ਤਿੱਖੀ ਚਾਲ ਵਾਂਗ। ਸੂਰ ਸਰ ਸੋਖਿ—ਨਾਸਿਕਾ ਦੀ ਸੱਜੀ ਸੁਰ ਇੜਾ ਨਾੜੀ ਰਾਹੀਂ ਪ੍ਰਾਣਾਂ ਨੂੰ ਸੋਖ ਕੇ, ਰੋਕ ਕੇ। ਪੋਖਿ ਸੋਮ ਸਰ—ਨਾਸਿਕਾ ਦੀ ਖੱਬੀ ਨਾੜੀ ਪਿੰਗਲਾ ਨਾੜੀ ਰਾਹੀਂ ਪੋਖ ਕੇ, ਚੜ੍ਹਾ ਕੇ। ਪੂਰਨ ਕੈ—(ਸੁਖਮਨਾ ਨਾੜੀ ਵਿਚ) ਪੂਰਨ ਕਰ ਕੇ। ਬੰਧਨੁ ਦੈ—ਬੰਨ੍ਹ ਕੇ, ਰੋਕ ਕੇ।। ਮ੍ਰਿਤ ਸਰ—ਸੁਖਮਨਾ ਦੇ ਘਾਟ ਤੇ। ਅਪਿਅ—ਅਪਿਉ, ਅੰਮ੍ਰਿਤ। ਅਜਰਹਿ—ਬੁਢੇਪਾ ਨਾ ਆਉਣ ਵਾਲੀ (ਹਉਮੈ) ਨੂੰ। ਜਾਰਿ— ਸਾੜ ਕੇ। ਭ੍ਰਾਂਤਿ—ਭਟਕਣਾ, ਭਰਮ। ਕੰਧੁ—ਸਰੀਰ। ਹੰਸੁ—ਆਤਮਾ। ਅਨਦ—ਹੋਰ ਕਿਧਰੇ। ਨ ਧਾਏ—ਨਹੀਂ ਦੋੜਦਾ। ਆਦੈ—ਸਭ ਤੱਤਾਂ ਦਾ ਆਦਿ ਤੱਤ ਅਕਾਸ਼। ਨਾਦੈ—ਅਵਾਜ਼ ਧੁਨੀ ਵਿਚ, ਵਜਣ ਵਾਲੀ ਪਉਣ ਵਿਚ। ਸਲਿਲ—ਪਾਣੀ, ਜਲ।

**ਅਰਥ** : ਪਵਨ ਵਰਗੇ ਚੰਚਲ ਮਨ ਨੂੰ ਸੰਸਾਰਕ ਬ੍ਰਿਤੀ ਵਲੋਂ ਉਲਟਾ ਕੇ, ਮੱਛੀ ਦੀ ਚੰਚਲ ਤਿੱਖੀ ਚਾਲ ਵਾਂਗ ਸਤਿਗੁਰੂ ਦੇ ਸ਼ਬਦ ਨਾਲ ਪਰਚਾ ਪਾਉਣ ਕਰਕੇ ਪਰਮ ਪਦ ਪਾਈਦਾ ਹੈ।

ਸੱਜੀ ਸੁਰ (ਇੜਾ) ਰਾਹੀਂ ਪ੍ਰਾਣਾਂ ਨੂੰ ਰੋਕ ਕੇ ਅਤੇ ਖੱਬੀ ਸੁਰ (ਪਿੰਗਲਾ) ਦੁਆਰਾ ਪ੍ਰਾਣਾਂ ਨੂੰ ਚੜ੍ਹਾ ਕੇ (ਸੁਖਮਨਾ ਨਾੜੀ ਵਿਚ) ਪੂਰਨ ਕਰ ਕੇ, ਅਤੇ (ਮ੍ਰਿਤਸਰ) ਸੁਖਮਨਾ ਦੇ ਘਾਟ ਤੇ ਪ੍ਰਾਣਾਂ ਨੂੰ ਟਿਕਾਈਏ ਤਾਂ ਅੰਮ੍ਰਿਤ ਰਸ ਦੇ ਗਟਾਕ ਪੀਵੀਦੇ ਹਨ।

ਕਦੀ ਨਾ ਮੁਕਣ ਵਾਲੀ (ਹਉਮੈ) ਨੂੰ ਸਾੜ ਕੇ, ਨਾ ਮਰਨ ਵਾਲੇ (ਮਨ) ਨੂੰ ਮਾਰ ਕੇ ਅਤੇ ਭਰਮ-ਭ੍ਰਾਂਤੀ ਨੂੰ ਛੱਡ ਕੇ (ਜੋ ਪ੍ਰਾਣੀ) ਸਰੀਰ ਨੂੰ ਸਥਿਰ ਕਰਦੇ ਹਨ, (ਉਨ੍ਹਾਂ ਦਾ) ਜੀਵਾਤਮਾ ਹੋਰ ਕਿਸੇ ਪਾਸੇ ਨਹੀਂ ਦੌੜਦਾ।

ਅਕਾਸ਼ ਦਾ ਤੱਤ ਅਕਾਸ਼ ਵਿਚ ਮਿਲਣ ਵਾਂਗ, ਵਾਯੂ ਦਾ ਵਾਯੂ ਵਿਚ, ਅਤੇ ਜਲ ਦਾ ਤੱਤ ਜਲ ਵਿਚ ਮਿਲ ਜਾਣ ਵਾਂਗ ਪ੍ਰਭੂ ਦੀ ਜੋਤਿ ਵਿਚ ਜੀਵਾਤਮਾ ਦੇ ਇਕ-ਮਿਕ ਹੋ ਕੇ ਮਿਲ ਜਾਣ ਨਾਲ ਸਹਿਜ-ਸੁਖ ਵਿਚ ਸਮਾਈ ਹੁੰਦੀ ਹੈ।੮।੧੬।

**ਵੀਚਾਰ** : ਗੁਰਮਤਿ-ਗੁਹਜ ਰਮਜ਼ਾਂ ਦੇ ਪਛਾਣੂ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸ ਕਬਿਤ ਦੀ ਪਹਿਲੀ ਤੁਕ ਵਿਚ ਸੰਸਾਰਕ ਬ੍ਰਿਤੀ ਵਲੋਂ ਮੂੰਹ ਮੋੜ ਕੇ, ਸਤਿਗੁਰੂ ਦੇ ਸ਼ਬਦ ਵਿਚ ਪਰਚਾ ਪਾਉਣ ਨਾਲ ਸਹਿਜ ਪਦ ਦੀ ਪ੍ਰਾਪਤੀ ਦਸੀ ਹੈ, ਪਰ ਦੂਜੀ ਤੁਕ ਵਿਚ ਇਹ ਭੇਦ ਖੋਲ੍ਹਿਆ ਹੈ ਕਿ ਯੋਗੀ ਲੋਕ ਬਿਖੜੇ ਹੱਠ-ਯੋਗ-ਸਾਧਨਾਂ


www.AKJ.Org

ਰਾਹੀਂ ਦਸਮ ਦੁਆਰ ਵਿਚ ਪੁਜਣਾ ਦਸਦੇ ਹਨ। ਬਾਕੀ ਦੀਆਂ ਦੋ ਤੁਕਾਂ ਵਿਚ ਆਪ ਜੀ ਨੇ ਗੁਰਮਤਿ ਸਿਧਾਂਤ ਨਿਖਾਰਿਆ ਹੈ ਕਿ ਗੁਰਮਤਿ ਸਹਿਜ ਜੋਗ ਵਿਚ ਇਨ੍ਹਾਂ ਹੱਠ-ਯੋਗ ਸਾਧਨਾਂ ਦੀ ਕੋਈ ਲੋੜ ਨਹੀਂ, ਸਗੋਂ ਸਤਿਗੁਰੂ ਦੀ ਸਿਖਿਆ ਅਨੁਸਾਰ ਗੁਰਮਤਿ-ਨਾਮ ਅਭਿਆਸ ਦੀ ਅਤੁਟ ਕਮਾਈ ਕੀਤਿਆਂ ਅਕਾਲ ਪੁਰਖ ਨਾਲ ਇਕ-ਮਿਕਤਾ ਪ੍ਰਾਪਤ ਕਰ ਕੇ ਸਹਿਜੇ ਹੀ ਦਸਮ ਦੁਆਰ ਦੇ ਸਹਿਜ-ਸੁਖ ਵਿਚ ਸਮਾਈ ਹੋ ਜਾਂਦੀ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ' ਵਿਚ ਇਸ ਕਬਿਤ ਦਾ ਭਾਵ ਇਉਂ ਦਰਸਾਇਆ ਗਿਆ ਹੈ—

"ਸ਼ਬਦ-ਸੁਰਤ ਅਭਿਆਸੀ ਗੁਰਮੁਖਿ ਜਨਾਂ ਦੇ ਪ੍ਰਾਣ ਜਦੋਂ ਨਾਭਿ-ਨਿਵਾਸ ਦੇ ਠਹਿਰਾਉ-ਸਹਿਜਾਉ ਵਿਚ ਸੁਖ-ਲੀਣੇ ਹੋ ਜਾਂਦੇ ਹਨ ਤਦ ਇਕ-ਦਮ ਇਹ ਅਵਸਥਾ ਆ ਜਾਂਦੀ ਹੈ ਕਿ ਇਕੋ ਮੀਨ-ਛੜੱਪੇ ਦੁਆਰਾ ਪ੍ਰਾਣ, ਸੁਰਤ, ਪਵਨ ਸੰਜੁਗਤ ਦਸਮ ਦੁਆਰ ਵਿਖੇ ਜਾ ਚੜ੍ਹਦੇ ਹਨ। ਨਾਭੀ ਵਿਚੋਂ ਜੋਤਿ ਰਸ ਠਰ੍ਹੰਮੀ ਪਵਨ ਇਕੋ ਹੀ ਪ੍ਰੇਮ-ਹਿਜਕੋਰੇ ਨਾਲ ਉਲਟ ਕੇ ਮੀਨ ਨਿਆਈਂ ਪੁਠੀਆਂ ਤਾਰੀਆਂ ਲਾਉਂਦੀ ਹੋਈ ਦਸਮ ਦੁਆਰ ਵਿਖੇ ਜਾਇ ਪਰਵੇਸ਼ ਕਰਦੀ ਹੈ। ਇਹ ਪਰਮ ਪਦ ਸਤਿਗੁਰੂ ਦ੍ਰਿੜਾਏ ਸ਼ਬਦ ਗੁਰ-ਮੰਤਰ ਨਾਲ ਪਰਚਾ ਪਾਉਣ ਕਰਿ ਪ੍ਰਾਪਤ ਹੁੰਦਾ ਹੈ। ਫੇਰ ਤਾਂ ਸੂਰਸਰ ਸੋਮਸਰ ਇੜਾ ਪਿੰਗਲਾ ਸੁਖਮਨਾ ਸਾਰੀਆਂ ਨਾੜੀਆਂ ਹੀ ਰਸ-ਜੋਤਿ ਭਰਪੂਰ-ਲੀਣੀਆਂ ਹੋ ਕੇ ਜੋਤਿ-ਤੇਜਸਵੀ ਚਾਨਣੇ ਨਾਲ ਜਗ-ਮਗਾ ਉਠਦੀਆਂ ਹਨ। ਸੋਮਸਰ ਲਬਾ ਲਬ ਹੋ ਕੇ ਮ੍ਰਿਤਸਰ ਨੂੰ ਬੰਨ੍ਹ ਲਗ ਜਾਂਦੇ ਹਨ ਅਤੇ ਅੰਮ੍ਰਿਤ-ਗਟਾਕ ਰਸਾਂ ਦਾ ਅਹਿਨਿਸੀ ਅਮਿਉ ਪੀਅਣ ਆਇ ਬਣਦਾ ਹੈ ਅਤੇ ਆਦਿ ਨਾਲ ਆਦਿ ਅਰ ਨਾਦ ਨਾਲ ਨਾਦ ਮਿਲ ਕੇ, ਜਲ ਨਾਲ ਜਲ ਮਿਲਣ ਵਾਂਗ ਓਤਿ ਪੋਤਿ ਇਕ ਜੋਤਿ ਹੋਣ ਵਾਲੀ ਸਹਿਜ ਸਮਾਈ ਹੋ ਜਾਂਦੀ ਹੈ।"

"ਇਥੇ ਇੜਾ ਪਿੰਗਲਾ ਸੁਰਾਂ ਦੇ ਦਬਣ ਰੋਕਣ ਵਾਲੇ ਹਠ-ਜੋਗ ਦੇ ਬਿਕਟ ਸੰਕਟੀ ਝਮੇਲੇ ਵਿਚ ਪੈਣ ਦੀ ਲੋੜ ਨਹੀਂ। ਜਿਵੇਂ ਮੀਨ ਤ੍ਰਿਬੇਣੀ ਵਿਖੇ ਉਲਟ-ਪਵਣ ਡੁਬਕ-ਤਾਰੀਆਂ ਲਾ ਕੇ ਹੀ ਤ੍ਰਿਬੇਣੀ ਦੇ ਆਰ ਪਾਰ ਲੰਘ ਜਾਂਦੀ ਹੈ, ਇਸੇ ਪ੍ਰਕਾਰ ਸ਼ਬਦ-ਸੁਰਤਿ ਅਭਿਆਸੀ ਜਨ ਟੁਕ-ਦਮ ਕਰਾਰੀਆਂ, ਉਲਟ-ਪਵਨ ਨਾਭ ਉਡਾਰੀਆਂ ਮਾਰ ਕੇ ਤ੍ਰਿਕੁਟੀਆਂ ਸਹਜ ਸੁਖੈਨ ਹੀ ਉਲੰਘ ਕੇ ਸੁਖ ਸਾਗਰ ਵਿਚ ਜਾਇ ਸਮਾਉਂਦਾ ਹੈ। ਉਸ ਨੂੰ ਪ੍ਰਾਣਾਯਾਮੀ ਹਠ-ਯੋਗ ਕਰਿ ਤ੍ਰਿਕੁਟੀ ਖੁਲ੍ਹਣ ਦੀ ਕਸ਼ਟ-ਕਿਰਿਆ ਕਰਨੀ ਹੀ ਨਹੀਂ ਪੈਂਦੀ।" [ਚਲਦਾ]

---

# 'ਗੁਰਮੁਖਿ' ਸ਼ਬਦ ਦੀ ਅਰਥ-ਵਿਆਖਿਆ

(੧) ਗੁਰਮੁਖਿ ਸ਼ਬਦ 'ਵਾਹਿਗੁਰੂ' ਦਾ ਵੀ ਲਖਾਇਕ ਹੈ, ਜਿਹਾ ਕਿ—

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥੫॥ (ਜਪੁ ਜੀ ਸਾਹਿਬ)

"ਏਥੇ ਇਨ੍ਹਾਂ ਸਤਰਾਂ ਵਿਖੇ "ਗੁਰਮੁਖਿ" ਪਦ ਗੁਰੂ ਅਕਾਲ ਪੁਰਖ ਵਾਹਿਗੁਰੂ ਦਾ ਵਾਚਕ ਹੈ, ...'ਵਾਹਿਗੁਰੂ' ਨਾਮੁ (ਗੁਰਮੁਖਿ) ਹੀ ਨਾਦ ਹੈ, 'ਵਾਹਿਗੁਰੂ" ਨਾਮ ਹੀ ਵੇਦ ਹੈ, ਵਾਹਿਗੁਰੂ ਹੀ ਸਾਰੇ ਸਮਾ ਰਿਹਾ ਹੈ। "ਵਾਹਿਗੁਰੂ" (ਗੁਰੂ) ਹੀ ਈਸਰੁ ਹੈ, ਵਾਹਿਗੁਰੂ ਹੀ ਵਿਸ਼ਨੂ ਹੈ, ਗੁਰੂ ਵਾਹਿਗੁਰੂ ਹੀ ਬਰ੍ਹਮਾ ਹੈ, ਗੁਰੂ ਵਾਹਿਗੁਰੂ ਹੀ ਲਖਸ਼ਮੀ ਹੈ।"

[ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਗੁਰਮਤਿ ਗੌਰਵਤਾ" ਦਾ ਅਰੰਭ

(੨) 'ਗੁਰਮੁਖਿ' ਸ਼ਬਦ 'ਸਤਿਗੁਰੂ' ਦਾ ਵਾਚਕ ਵੀ ਹੈ—

(ੳ) ਇਸ ਜੁਗ ਮਹਿ ਨਾਮੁ ਅਲਭੁ ਹੈ 'ਗੁਰਮੁਖਿ' ਵਸੈ ਮਨਿ ਆਇ ॥੧॥੬॥(੬੪੪) (ਗੁਰੂ ਦੁਆਰਾ)

(ਅ) ਨਾਨਕ 'ਗੁਰਮੁਖਿ' ਨਾਮੁ ਪਾਵੈ ਜਨੁ ਕੋਇ ॥੮॥੨॥ (ਪੰਨਾ ੨੬੫) (ਗੁਰੂ ਦੁਆਰਾ)

(੩) 'ਗੁਰਮੁਖਿ' ਸ਼ਬਦ ਪੁਗ ਖਲੋਤੇ ਗੁਰੂ ਦੇ ਸਨਮੁਖ ਸਿੱਖਾਂ ਲਈ ਗੁਰਬਾਣੀ ਵਿਚ ਅਤੇ ਭਾਈ ਗੁਰਦਾਸ ਜੀ ਦੇ ਕਬਿਤ ਸਵਈਆਂ ਵਿਚ ਬਹੁਤ ਥਾਈਂ ਵਰਤਿਆ ਹੋਇਆ ਹੈ। 'ਗੁਰਮੁਖਿ' ਤੋਂ ਭਾਵ ਹੈ ਉਹ



www.AKJ.Org

ਨਿਰਮਾਣ ਪੁਰਖ ਜੋ ਗੁਰੂ ਦੇ ਸਨਮੁਖ ਹੈ, ਸਤਿਗੁਰੂ ਨੂੰ ਸਦਾ ਅੰਗ ਸੰਗ ਜਾਣਨ ਵਾਲਾ, ਸਦਾ ਸਤਿਗੁਰੂ ਦੀ ਹਜ਼ੂਰੀ ਮਾਣਨ ਵਾਲਾ, ਸੱਚਾ ਗੁਰ-ਸੇਵਕ।

ਸਤਿਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਵਿਚ ਐਸੇ '**ਸਨਮੁਖ ਸਿੱਖ**' ਦੇ ਲਛਣ ਬਿਆਨ ਕਰਦਿਆਂ ਦਸਿਆ ਹੈ ਕਿ ਜਿਹੜਾ ਹਿਰਦਿਓਂ ਸਤਿਗੁਰੂ ਨਾਲ ਜੁੜਿਆ ਰਹਿੰਦਾ ਹੈ, ਗੁਰੂ ਕੇ ਚਰਨ, ਭਾਵ ਨਾਮ-ਸਿਮਰਨ ਦਾ ਅਜਪਾ ਜਾਪ ਹਿਰਦੇ ਵਿਚ ਜਪਦਾ ਰਹਿੰਦਾ ਹੈ, ਬਾਹਰਮੁਖੀ ਨਹੀਂ ਸਗੋਂ ਅੰਤਰ-ਆਤਮਿਓਂ ਉਸ ਵਾਹਿਗੁਰੂ ਨੂੰ ਸਿਮਰਦਾ ਹੈ ਤੇ ਉਹ ਆਪਾ ਭਾਵ ਤਿਆਗ ਕੇ ਸਦਾ ਗਰੀਬੀ ਵਿਚ ਵਸਦਾ ਹੋਇਆ ਸਤਿਗੁਰੂ ਦੇ ਆਸਰੇ ਹੀ ਜੀਂਦਾ ਹੈ ਅਤੇ ਆਪਣੇ ਸੱਚੇ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਹੀ ਨਹੀਂ, ਐਸਾ ਗੁਰਸਿੱਖ ਸਨਮੁਖ ਅਥਵਾ ਗੁਰਮੁਖ ਹੋ ਸਕਦਾ ਹੈ। ਗੁਰੂ-ਫ਼ੁਰਮਾਨ ਹੈ—

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ ॥੨੧॥ (ਅਨੰਦੁ ਸਾਹਿਬ)

---

[ਸਫ਼ਾ ੪੧ ਦੀ ਬਾਕੀ]

ਸਭ ਸ਼ਰਤਾਂ ਬੜੀਆਂ ਹੀ ਚੰਗੀਆਂ ਏਹਨਾਂ ਦੇ ਫ਼ੈਦੇ ਦੀਆਂ ਹਨ, ਏਹਨਾਂ ਵਾਸਤੇ ਮਿਆਦ ਦੀ ਕੀ ਲੋੜ ਹੈ। ਕਈਆਂ ਨੇ ਇਹਨਾਂ ਗੁੰਬੀ-ਪੁਜਾਰੀਆਂ ਦੀਆਂ ਵਧੀਕੀਆਂ, ਅਨੀਤੀਆਂ, ਕੁਕਰਮ ਦੱਸ ਦੱਸ ਕੇ ਕਿਹਾ, ਇਨ੍ਹਾਂ ਵਲੋਂ ਸਮਝੌਤੇ ਦੀ ਆਸ ਨਹੀਂ, ਇਹ ਕੋਈ ਚਾਲ ਚੱਲ ਰਹੇ ਹਨ, ਆਦਿਕ। ਬਹੁਤ ਕੁਝ ਹੋਇਆ।

ਇੰਨੇ ਨੂੰ ਸ: ਦਾਨ ਸਿੰਘ ਜੀ ਨੇ ਸੰਗਤ ਵਿਚ ਦੱਸਿਆ ਕਿ ਸਾਹਮਣੇ ਝੰਡੇ ਬੁੰਗੇ ਵਿਚ ਬਹੁਤ ਸਾਰੇ ਆਦਮੀ ਖ਼ਤਰਨਾਕ ਬੈਠੇ ਤੇ ਜਮ੍ਹਾ ਹੋ ਰਹੇ ਪ੍ਰਤੀਤ ਹੁੰਦੇ ਹਨ। ਇਕ ਦੋ ਬੀਬੀਆਂ ਲੰਪ ਲਈ ਕਦੇ ਹੇਠ, ਕਦੇ ਉੱਪਰ ਕੁਝ ਢੋ ਰਹੀਆਂ ਹਨ, ਇਸ ਤੋਂ ਫਸਾਦ ਦੀ ਤਿਆਰੀ ਦਾ ਖ਼ਤਰਾ ਪ੍ਰਤੀਤ ਹੁੰਦਾ ਹੈ, ਜ਼ਿੰਮੇਵਾਰ ਏਸ ਦਾ ਪ੍ਰਬੰਧ ਕਰਨ।

ਉਪਰੰਤ ਸਰਦਾਰ ਧਰਮ ਸਿੰਘ ਜੀ ਰਈਸ ਉਸਮਾ ਨੇ ਭੀ ਇਹੋ ਹਾਲ ਦੱਸੇ ਤੇ ਉਹਨਾਂ ਭਰਾਵਾਂ ਨੂੰ ਆਖਿਆ ਕਿ ਜੇ ਤੁਸੀਂ ਭਲੇ ਹੋ ਤਾਂ ਦੀਵਾਨ ਵਿਚ ਆ ਜਾਵੋ। ਜੇ ਕਿਸੇ ਬੁਰਾਈ ਵਾਸਤੇ ਹੋ ਤਾਂ ਖਬਰਦਾਰ! ਤੁਹਾਡੀਆਂ ਛਵ੍ਹੀਆਂ ਵਗ਼ੈਰਾ ਵਾਸਤੇ ਪਹਿਲੇ ਮੇਰੀ ਗਰਦਨ ਹੋਵੇਗੀ। ਕੋਈ ਫ਼ਸਾਦ ਨਾ ਕਰਨਾ, ਨਹੀਂ ਤਾਂ ਸਾਡੇ ਸਾਰੇ ਇਲਾਕੇ ਦੀ ਬਦਨਾਮੀ ਹੋਵੇਗੀ। ਜ਼ਿੰਮੇਵਾਰ ਅਫ਼ਸਰ ਤੇ ਬੈਠੇ ਹੋਏ ਪੁਲੀਸ ਤੇ ਸੀ. ਆਈ. ਡੀ. ਵਾਲੇ ਏਸ ਦਾ ਪ੍ਰਬੰਧ ਕਰਨ, ਆਦਿ। ਇਸ ਪਰ ਤਹਿਸੀਲਦਾਰ ਇੰਨਸਪੈਕਟਰ ਸਾਹਿਬਾਨ ਅਫਸਰਾਂ ਨੇ ਭੀ ਯਥਾ ਯੋਗ ਧਿਆਨ ਦਿੱਤਾ। ਘਰ ਵਾਲੇ ਪੁਜਾਰੀਆਂ ਨੂੰ ਸਮਝਾਇਆ, ਦੇਖ ਭਾਲ ਕਰਾਈ, ਜਿਸ ਤੇ ਕੁਝ ਆਦਮੀ ਦੀਵਾਨ ਵੱਲ ਆ ਗਏ ਤੇ ਪਤਾ ਲੱਗਾ ਕਿ ਕੁਝ ਪਿਛਲੇ ਦਰਵਾਜ਼ੇ ਥਾਣੀ ਰਫ਼ੂ ਚੱਕਰ ਹੋ ਗਏ। ਐਸ ਵੇਲੇ ਇਹ ਭੀ ਪਤਾ ਲੱਗਾ ਜੁ ਅੰਦਰ ਖ਼ਾਸ ਤਿਆਰੀ ਹੋ ਰਹੀ ਹੈ। [ਚਲਦਾ]

---

# ਪਾਠ ਉਤਸ਼ਾਹ ਸਕੀਮ ਅਧੀਨ ਸਨਮਾਨ

ਲੁਧਿਆਣਾ ਪੋਹ ਸੁਦੀ ਸਪਤਮੀ ਗੁਰਪੁਰਬ ਸਮਾਗਮ ਸਮੇਂ ਭਾ: ਸਾ: ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ ਅਧੀਨ ਜੋ ਪ੍ਰੀਖਿਆ ਹੋਈ ਉਸ ਵਿਚ ਬੀਬੀ ਨਰਿੰਦਰ ਕੌਰ ਸਪੁਤ੍ਰੀ ਭਾਈ ਸਰੂਪ ਸਿੰਘ ਫ਼ਰੀਦਾਬਾਦ ਸਫਲ ਰਹੀ ਹੈ, ਜਿਸ ਨੂੰ 1000/— ਰੁਪਏ ਦੇ ਇਨਾਮ ਨਾਲ ਸਨਮਾਨਤ ਕੀਤਾ ਗਿਆ।

ਜਥੇਦਾਰ, ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ)


www.AKJ.Org

# ਸ੍ਰੀ ਤਰਨ ਤਾਰਨ ਸਾਹਿਬ ਵਿਖੇ ਸ਼ਹੀਦੀ ਸਾਕਾ (੧)

[ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ ਦਾ ਅਖੀਂ ਡਿਠਾ ਵੇਰਨਣ]

ਸ੍ਰੀ ਤਰਨ ਤਾਰਨ ਸਾਹਿਬ ਜੀ ਦੇ ਗੁੰਬੀ ਪੁਜਾਰੀ ਸਿੰਘਾਂ ਦੀਆਂ ਅੱਤ ਦੀਆਂ ਅਨੀਤੀਆਂ, ਧਰਮ, ਸ਼ਰਮ, ਤੇ ਲੋਕ-ਲਾਜ ਦੇ ਵਿਰੁੱਧ ਕਾਰੇ ਵੇਖ ਕੇ ਤੇ ੧੧ ਜਨਵਰੀ ਨੂੰ ਸੇਵਕ ਜੱਥੇ ਦਾ ਕੀਰਤਨ ਰੋਕਣਾ, ਹਥਿਆਰ-ਬੰਦ ਹੋ ਕੇ ਮਾਰਨ ਨੂੰ ਤਿਆਰ ਹੋਣਾ, ਸ੍ਰੀ ਦਰਬਾਰ ਸਾਹਿਬ ਨੂੰ ਆਪਣੀ ਖ਼ਾਸ ਮਲਕੀਅਤ ਤੇ ਹੱਟੀ ਦੀ ਤਰ੍ਹਾਂ ਆਖਣਾ, ਗੁਰਦੁਆਰੇ ਦੇ ਅੰਦਰ ਬੀਬੀਆਂ ਦਾ ਅਯੋਗ ਅਪਮਾਨ ਕਰਨਾ, ਕਈ ਸੇਵਕਾਂ ਨੂੰ ਕਤਲ ਕਰਨ ਦੀਆਂ ਧਮਕੀਆਂ ਦੇਵਣ ਦੇ ਦਰਦ ਭਰੇ ਹਾਲਾਤ ਸੁਣ ਦੇਖ ਕੇ :—

**੨੬ ਜਨਵਰੀ ੧੯੨੧ ਨੂੰ ਅਕਾਲੀ ਦਲ** ਅੰਮ੍ਰਿਤ ਵੇਲੇ ਸ੍ਰੀ ਤਰਨ ਤਾਰਨ ਸਾਹਿਬ ਦੇ ਸ੍ਰੀ ਦਰਬਾਰ ਸਾਹਿਬ ਜੀ ਵਿਚ ਪਹੁੰਚ ਗਿਆ। ਦਲ ਨੂੰ ਪੁਜਾਰੀ ਸਿੰਘ ਵੇਖ ਕੇ ਡਾਢੇ ਰੋਹ ਵਿਚ ਭਰ ਗਏ ਤੇ ਪਲਾਂ ਵਿਚ ਹੀ ਨਿੱਕੇ ਵੱਡੇ ਸਭ ਗੁਪਤ ਪ੍ਰਗਟ ਕ੍ਰਿਪਾਨਾਂ, ਟਕੂਏ, ਕੁਹਾੜੀਆਂ, ਛਵ੍ਹੀਆਂ, ਤੀਰ ਆਦਿ ਲੈ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਬੈਠ ਗਏ। ਜਥੇ ਦੇ ਸਿੰਘ ਅੰਦਰ ਬਾਹਰ ਚਾਰ ਚੁਫੇਰੇ ਯਾਤਰੂਆਂ ਦੀ ਤਰ੍ਹਾਂ ਹੋ ਕੇ ਸਜ ਗਏ, ਥੋੜ੍ਹੇ ਵਿਚ ਹੀ ਪੁਜਾਰੀ ਗੁੰਬੀ ਸਿੰਘਾਂ ਵਲੋਂ ਟਕੋਰ-ਬਾਜ਼ੀ ਹੋਣ ਲੱਗ ਪਈ, ਕੋਈ ਕਹੇ ਟੁਕੜੇ ਟੁਕੜੇ ਹੋਵਾਂਗੇ, ਟੁਕੜ ਟੁਕੜੇ ਕਰ ਦੇਵਾਂਗੇ। ਕੋਈ ਇਹ ਸੋਨੇ ਦਾ ਮੰਦਰ ਧੜ ਦੇ ਸਿਰ ਰਹਿੰਦੇ ਤਕ ਛੱਡਣ ਨੂੰ ਤਿਆਰ ਨਹੀਂ। ਜਦੋਂ ਤੋਂ ਸਾਡੇ ਵਡਿਆਂ ਨੇ ਇਹ ਥਾਂ ਬਰਕਤ ਵਾਲੀ ਬਣਾਈ, ਹੁਣ ਆਮਦਨ ਦੇਖ ਕੇ ਸਿੰਘ ਸਭੀਏ ਚਾਹੁੰਦੇ ਹਨ ਜੋ ਹੁਣ ਫਲ ਅਸੀਂ ਖਾਈਏ। ਅਸੀਂ ਪੁਰਜੇ ਪੁਰਜੇ ਹੋ ਕੇ ਹੀ ਭਾਵੇਂ ਕਿਸੇ ਦਾ ਦਖ਼ਲ ਹੋਣ ਦੇਈਏ। ਆਦਿਕ ਬਹੁਤ ਕੁਝ ਵੱਧ ਘੱਟ ਆਖਦੇ ਰਹੇ, ਪਰ ਜਥੇ ਵਾਲੇ ਕਿਸੇ ਨੇ ਕਿਸੇ ਨੂੰ ਕੁਝ ਨਹੀਂ ਕਿਹਾ। ਦੂਜੇ ਪਾਸੇ ਹਰਦਿਤ ਸਿੰਘ ਪੁਤਰ ਕਿਰਪਾਲ ਸਿੰਘ ਆਦਿਕ ਕਈ ਪੁਜਾਰੀ ਸ਼ਹਿਰ ਵਿਚ ਵੱਧ ਘੱਟ ਬੋਲਦੇ ਰਹੇ ਤੇ ਐਲਾਨੀਆ ਆਖਦੇ ਰਹੇ ਕਿ ਇਹ ਮੋਹਨ ਸਿੰਘ, ਸੰਤ ਸਿੰਘ, ਜੱਸਾ ਸਿੰਘ, ਵਗੈਰਾ ਨੇ ਮੰਗਵਾਏ ਹਨ, ਸਭ ਤੋਂ ਪਹਿਲੇ ਇਨ੍ਹਾਂ ਦੀ ਬੋਟੀ ਬੋਟੀ ਕਰਾਂਗੇ, ਬਾਲ ਬੱਚੇ ਇਨ੍ਹਾਂ ਦੇ ਭੀ ਸੁਖੀ ਨਾ ਹੋਵਣਗੇ, ਸਾਰੇ ਸ਼ਹਿਰਦਾਰਾਂ ਨੇ ਰਲ ਕੇ ਇਹ ਸ਼ਰਾਰਤ ਕੀਤੀ ਹੈ। ਅਸੀਂ (ਗੁੰਬੀ-ਪੁਜਾਰੀਆਂ) ਭੀ ਸਾਰਾ ਸ਼ਹਿਰ ਸਾੜ ਕੇ ਸਵਾਹ ਨਾ ਕੀਤਾ ਤਦ ਅਸੀਂ ਭੀ ਮਾਵਾਂ ਦੇ ਜਣੇ ਨਹੀਂ, ਆਦਿਕ। ਇਹ ਸੁਣ ਸੁਣ ਬਹੁਤ ਸ਼ਹਿਰਦਾਰ ਰੋਹ ਭਰੇ, ਕਈ ਗੁੱਸੇ ਹੋਏ, ਕਈ ਡਰੇ ਆਦਿਕ। ਉਧਰ ਏਹਨਾਂ (ਗੁੰਬੀ-ਪੁਜਾਰੀਆਂ) ਹੁਕਮਨ ਆਖਿਆ ਕਿ ਕੋਈ ਜਥੇ ਵਾਲਾ ਹਥਿਆਰ ਗਾਤਰਾ ਸਫ਼ਾ-ਜੰਗ ਵਗੈਰਾ ਲੈ ਕੇ ਅੰਦਰ ਨਾ ਵੜੇ। ਤੇ ਬਾਹਰ ਕੁਝ ਪੁਜਾਰੀਆਂ ਦੇ ਲੜਕੇ (ਗਛੂ ਵਗੈਰਾ) ਜਥੇ ਵਾਲਿਆਂ ਦੇ ਗਲ ਪੈਣ ਲਗ ਪਏ, ਕਿਸੇ ਦੀ ਦਾੜ੍ਹੀ ਨੂੰ ਪਏ, ਕਿਸੇ ਦਾ ਸਫ਼ਾ-ਜੰਗ ਖੋਹਣ ਪਏ, ਕਿਸੇ ਨੂੰ ਗਾਲ੍ਹਾਂ, ਕਿਸੇ ਨੂੰ ਦੰਦੀ, ਕਿਸੇ ਨੂੰ ਹੁੱਝਾਂ, ਪਰ ਜਥੇਦਾਰ ਜੀ ਨੇ ਸਭ ਨੂੰ ਹੁਕਮ ਦਿੱਤਾ ਕਿ ਕੋਈ ਜਥੇ ਵਾਲਾ ਕਿਸੇ ਨੂੰ ਕੁਝ ਨਾ ਕਹੇ। ਇਹ ਦੇਖ ਕੇ ਕਿ ਜਥੇ ਵਾਲੇ ਸਹਿੰਦੇ ਹਨ ਤੇ ਕਹਿੰਦੇ ਕੁਝ ਨਹੀਂ, ਕਈ ਸ਼ੈਤਾਨ ਲੜਕੇ ਡਾਂਗਾਂ, ਕੁਹਾੜੀਆਂ, ਆਦਿ ਫੜੀ ਬਾਹਰ ਜਥੇ ਵਾਲਿਆਂ ਦੇ ਗਲ ਆ ਪਏ। ਦਾਸ (ਮੋਹਨ ਸਿੰਘ ਵੈਦ) ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤਰਾ ਕਰ ਕੇ ਬਾਹਰ ਨਿਕਲਿਆ ਤਾਂ ਓਹਨਾਂ ਲੜਕਿਆਂ ਨੂੰ ਸਮਝਾਇਆ ਅਤੇ ਅੰਦਰੋਂ ਭਾਈ ਤੇਜਾ ਸਿੰਘ, ਗੁਰਬਖਸ਼ ਸਿੰਘ, ਭਾਈ ਹੁਕਮ ਸਿੰਘ ਆਦਿਕਾਂ ਦਾ ਧਿਆਨ ਏਸ ਪਾਸੇ ਜ਼ੋਰ ਨਾਲ ਦਿਵਾਇਆ ਕਿ ਸੰਭਲੋ! ਇਹ ਗੁੰਝਲਾਂ ਪਿਛੋਂ ਖੁਲ੍ਹਣੀਆਂ ਮੁਸ਼ਕਲ ਹੋ ਜਾਵਣਗੀਆਂ, ਸ਼ੈਤਾਨ ਲੜਕਿਆਂ ਦੀ ਕਰਨੀ ਵੱਡਿਆਂ ਨੂੰ ਭਰਨੀ ਪਵੇਗੀ। ਦਾਸ ਦੇ ਇਹ ਆਂਖਦਿਆਂ ਗਛੂ ਨੇ ਦੂਜੇ ਨੂੰ ਆਖਿਆ, "ਮਾਰ ਓਏ ਕੁਹਾੜੀ ਏਸ ਮੋਹਨ ਸਿੰਘ ਦੇ ਸਿਰ, ਏਸ ਦਾ ਪੁਆੜਾ ਤਾਂ ਮੁਕਾ"। ਏਸ ਹਾਲਤ ਵਿਚ ਭਾਈ ਤੇਜਾ ਸਿੰਘ ਆਦਿ ਏਹਨਾਂ ਲੜਕਿਆਂ ਨੂੰ ਅੰਦਰ ਲੈ ਗਏ ਤੇ ਦਾਸ ਨੂੰ ਭੀ ਅੰਦਰ ਸੱਦਿਆ। ਦਾਸ (ਮੋਹਨ ਸਿੰਘ ਵੈਦ) ਨੇ ਸਾਰੇ ਪੁਜਾਰੀਆਂ ਦੇ ਵਿਚ ਸਭ ਨੂੰ ਸਮਝਾਇਆ ਕਿ—"ਅਕਾਲੀ ਦਲ ਵਲੋਂ ਕੇਵਲ ਸੁਧਾਰ ਦਾ ਵਿਚਾਰ ਹੈ, ਏਹਨਾਂ ਵਿਚੋਂ ਕਿਸੇ



www.AKJ.Org

ਨੇ ਪੁਜਾਰੀ ਜਾਂ ਗ੍ਰੰਥੀ ਨਹੀਂ ਬਣਨਾ, ਨਾ ਕਿਸੇ ਨੇ ਪੂਜਾ ਲੈਣੀ ਹੈ, ਨਾ ਵਿਚਾਰ ਹੈ ਕਿ ਜ਼ਰੂਰ ਪਹਿਲੇ ਸੇਵਾਦਾਰ ਹਟਾ ਕੇ ਨਵੇਂ ਥਾਪਣੇ ਹਨ। ਤੁਸੀਂ ਉਹਨਾਂ ਦੀਆਂ ਸੁਣੋ, ਆਪਣੀਆਂ ਦੱਸੋ ਤੇ ਵਿਚਾਰ ਤੋਂ ਕੰਮ ਲਵੋ। ਜੋ ਕੁਝ ਸ਼ਾਂਤੀ ਨਾਲ ਕਰੋਗੇ ਚੰਗਾ ਰਹੇਗਾ, ਆਦਿਕ"।

ਸਮਝਾਣ ਤੇ ਪੁਜਾਰੀ ਗ੍ਰੰਥੀ ਕੁਝ ਸੰਭਲੇ ਤੇ ਅਕਾਲੀ ਦਲ ਦੇ ਜਥੇਦਾਰ ਸ੍ਰੀਮਾਨ ਭਾਈ ਤੇਜਾ ਸਿੰਘ ਸਾਹਿਬ ਜੀ ਸਣੇ ਸਾਰੇ ਅੱਡ ਅੱਡ, ਅੰਤ ਜਥੇਦਾਰ ਤੇ ਹੋਰ ਸੱਜਣ ਅੰਦਰ ਸੱਦੇ ਤੇ ਦੂਜੇ ਪਾਸੇ ਭਾਈ ਨਿਹਾਲ ਸਿੰਘ ਜੀ ਸਣੇ ਪੁਜਾਰੀ ਗ੍ਰੰਥੀ ਭੀ ਵਿਚਾਰ ਵਾਸਤੇ ਬੈਠ ਗਏ। ਇਤਨੇ ਵਿਚ ਜਥੇਦਾਰ ਜੀ ਨੂੰ ਤਹਿਸੀਲਦਾਰ ਸਾਹਿਬ ਤੇ ਇੰਨਸਪੈਕਟਰ ਪੁਲੀਸ ਨੇ ਕੁਝ ਪੁਛਗਿੱਛ ਕਰਨ ਵਾਸਤੇ ਬਾਹਰ ਸੱਦ ਲਿਆ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਗੱਲ ਕੱਥ ਹੋਈ। ਕੋਈ ਨੌਜਵਾਨ ਪੁਜਾਰੀਆਂ (ਦਿਆਲ ਸਿੰਘ, ਧੰਨਾ ਸਿੰਘ, ਗੁਰਦਿਤ ਸਿੰਘ, ਬਸੰਤ ਸਿੰਘ, ਵਗੈਰਾ) ਦੇ ਜੋਸ਼ ਵਿਚ ਧਮਕੀਆਂ ਦੇਵਣ ਆਦਿ ਤੇ ਸ੍ਰੀਮਾਨ ਭਾਈ ਕਰਤਾਰ ਸਿੰਘ ਜੀ ਝੱਬਰ ਨੇ ਸਮਝਾਇਆ ਕਿ ਏਨੇ ਜੋਸ਼ ਵਿਚ ਆਉਣ ਦੀ ਲੋੜ ਨਹੀਂ, ਅਸੀਂ ਲੜਨ ਵਾਸਤੇ ਨਹੀਂ ਆਏ, ਪਰ ਜੇ ਤੁਸੀਂ ਏਨੇ ਜ਼ੋਰ ਵਿਚ ਆਓ ਤਦ ਅਕਾਲੀ ਦਲ ਭੀ ਅਜਿਹੀਆਂ ਭਬਕੀਆਂ ਨਾਲ ਡਰਨ ਵਾਲਾ ਨਹੀਂ। ਪਰ ਸਾਡਾ ਮੰਤਵ ਹੈ ਸੁਧਾਰ, ਅਸੀਂ ਚਾਹੁੰਦੇ ਹਾਂ ਪੰਥ ਦੀਆਂ ਸ਼ਿਕਾਇਤਾਂ ਦੂਰ ਹੋ ਜਾਵਣ। ਗੁਰਦੁਆਰਿਆਂ ਦੀ ਸਾਜਨਾ ਜਿਸ ਮੰਤਵ ਵਾਸਤੇ ਸੀ ਇੱਥੇ ਉਹੋ ਮੰਤਵ ਪੂਰੇ ਹੋਵਣ, ਤੇ ਕੁਕਰਮ ਹੋਵਣ ਨਾਲ ਕੌਮ ਬਦਨਾਮ ਨਾ ਹੋਵੇ। ਅਸੀਂ ਕਿਸੇ ਥਾਂ ਦੀ ਪੂਜਾ ਨਹੀਂ ਖਾਣੀ ਜਾਂ ਲੈਣੀ, ਤੇ ਨਾ ਦਲ ਵਿਚੋਂ ਕਿਸੇ ਨੇ ਗ੍ਰੰਥੀ ਪੁਜਾਰੀ ਬਣਨਾ ਹੈ, ਤੇ ਨਾ ਐਵੇਂ ਕਬਜ਼ਾ ਕਰਨਾ ਹੈ। ਜੇ ਤੁਸੀਂ ਲੋਗ ਹੀ ਸੁਧਾਰ ਵੱਲ ਲੱਗ ਜਾਵੋ ਤਾਂ ਬੜੀ ਹੀ ਬਰਕਤ ਦੀ ਗੱਲ ਹੈ, ਆਦਿਕ। ਏਸ ਦੇ ਉੱਤਰ ਵਿਚ ਭਾਈ ਨਿਹਾਲ ਸਿੰਘ ਜੀ ਤੇ ਗੁਰਬਖਸ਼ ਸਿੰਘ ਜੀ ਨੇ ਆਖਿਆ ਕਿ ਬੜੀ ਚੰਗੀ ਗੱਲ ਹੈ ਜੇ ਭਰਾਵਾਂ ਨੂੰ ਭਰਾਵਾਂ ਦੇ ਸੁਧਾਰ ਦਾ ਧਿਆਨ ਹੋਇਆ ਹੈ, ਭੁੱਲਣ ਅੰਦਰ ਸਭ ਹੈ, ਸੋ ਜੋ ਕੁਝ ਵਿਚਾਰ ਤੇ ਸ਼ਾਂਤੀ ਨਾਲ ਹੋਵੇਗਾ ਚੰਗਾ ਹੋਵੇਗਾ, ਤੁਸੀਂ ਸਾਡੀਆਂ ਬਾਤਾਂ ਦੱਸ ਦੇਵੋ। ਅਸੀਂ ਤੁਹਾਨੂੰ ਦੱਸ ਦੇਵਾਂਗੇ ਜੇ ਸੁਧਾਰ ਹੋ ਜਾਵੇ ਤਾਂ ਬੜਾ ਚੰਗਾ ਹੈ। ਵਿਚ-ਵਾਰ ਕੁਝ ਨੌਜਵਾਨ ਤੇ ਸੁੰਦਰ ਸਿੰਘ ਫਾਨਾ ਬੋਲੇ ਕਿ ਅਸੀਂ ਜੀਊਂਦੇ ਜੀ ਸ੍ਰੀ ਦਰਬਾਰ ਸਾਹਿਬ ਛੱਡਣ ਵਾਸਤੇ ਤਿਆਰ ਨਹੀਂ, ਇਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਇਕ ਲੱਖ ਬਤੀ ਹਜ਼ਾਰ ਤੋਂ ਮੁੱਲ ਖਰੀਦੀ ਹੋਈ ਥਾਂ ਹੈ, ਅਸੀਂ ਵਡਿਆਂ ਦੇ ਬਿਠਾਏ ਬੈਠੇ ਹਾਂ, ਆਦਿਕ। ਏਨ੍ਹਾਂ ਦੇ ਵਿਚ-ਵਾਰ ਰੋਲਾ ਪਾਉਣ ਤੇ ਦੋਹਾਂ ਧਿਰਾਂ ਨੇ ਰੋਕਿਆ। ਐਸ ਵੇਲੇ ਕਈ ਭੈੜੇ ਬਦਮਾਸ਼ ਭੀ ਕ੍ਰਿਪਾਨਾਂ ਬੰਨ੍ਹੀਂ ਪੁਜਾਰੀ ਗ੍ਰੰਥੀਆਂ ਦੀ ਹਿਮਾਇਤ ਵਾਸਤੇ ਇਕੱਠੇ ਹੋਏ ਹੋਏ ਟਕੂਏ ਲਈ ਅੰਦਰ ਸ੍ਰੀ ਦਰਬਾਰ ਸਾਹਿਬ ਜੀ ਦੇ ਡਟੇ ਬੈਠੇ ਸਨ। ਅਖ਼ੀਰ ਬਹੁਤ ਸਾਰੀਆਂ ਗੱਲਾਂ ਬਾਤਾਂ ਹੋ ਕੇ ਵਿਚਾਰ ਹੋਇਆ, ਜੋ ਪ੍ਰਸ਼ਾਦ ਛਕਣ ਦੇ ਉਪਰੰਤ ੪ ਵਜੇ ਲੌਢੇ ਵੇਲੇ ਦੀਵਾਨ ਬਾਹਰ ਝੰਡੇ ਬੁੰਗੇ ਪਾਸ ਲਗਾਂ ਕੇ ਵਿਚਾਰ ਕਰ ਕੇ ਸਮਝੌਤਾ ਕੀਤਾ ਜਾਵੇ ਤੇ ਤਦੋਂ ਤਕ ਕਿਸੇ ਤਰ੍ਹਾਂ ਦੀ ਕੋਈ ਛੇੜਖਾਨੀ ਨਾ ਹੋਵੇ। ਜਥੇ ਵਾਸਤੇ ਰਸਤਾਂ ਮੰਡੀ ਦੀ ਸੰਗਤ ਵਲੋਂ ਆਈਆਂ ਤੇ ਲੰਗਰ ਜਾਰੀ ਹੋ ਗਿਆ।

ਪੁਜਾਰੀ ਸਿੰਘ ਸਭ ਦੇ ਸਭ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਹੀ ਜਮ੍ਹਾ ਰਹੇ ਤੇ ਸੇਵਕ ਵਲੋਂ ਬੈਠੇ ਪੁਜਾਰੀ ਸਿੰਘਾਂ ਦੀ ਇਕ ਸੂਚੀ ਭੀ ਗੁਪਤ ਤਿਆਰ ਕੀਤੀ ਗਈ, ਜੋ ੭੦ ਦੇ ਕਰੀਬ ਸਨ। ਅਕਾਲੀ ਜਥੇ ਦੇ ਸਿੰਘ ਸਿੰਘਣੀਆਂ ਕੁਝ ਲੰਗਰ ਤਿਆਰ ਕਰਨ ਵਲ ਲੱਗੇ, ਕੁਝ ਭੁੱਚਰ ਵਾਲਿਆਂ ਦੇ ਬੁੰਗੇ ਜਾ ਬਿਰਾਜੇ। ਸਾਰਾ ਦਿਨ ਕਿਸੇ ਨ ਕਿਸੇ ਸ਼ਕਲ ਵਿਚ ਪੁਜਾਰੀਆਂ ਵਲੋਂ ਛੇੜਖ਼ਾਨੀ ਸ਼ੁਰੂ ਰਹੀ। ਪੁਜਾਰਨਾਂ ਦੀਆਂ ਗੱਲਾਂ ਦੀ ਤਾਂ ਕੋਈ ਹੱਦ ਹੀ ਨਹੀਂ ਰਹੀ। ਜਥੇਦਾਰ ਜੀ ਨੂੰ ਅੱਡ ਅੱਡ ਕਈ ਸਜਣਾਂ ਨੇ ਆਖਿਆ, ਪੁਜਾਰੀਆਂ ਨੇ ਕੁਝ ਆਦਮੀ ਕਈ ਪਿੰਡਾਂ ਵਿਚ ਹਿਮੈਤੀ ਸੱਦਣ ਵਾਸਤੇ ਭੇਜੇ ਹਨ, ਏਹਨਾਂ ਦਾ ਪੱਕਾ ਇਰਾਦਾ ਫ਼ਸਾਦ ਕਰਨ ਦਾ ਪ੍ਰਤੀਤ ਹੁੰਦਾ ਹੈ। ਉੱਤਰ ਵਿਚ ਜਥੇਦਾਰ ਜੀ ਨੇ ਆਖਿਆ, ਜੋ ਆਦਮੀ ਏਨ੍ਹਾਂ ਭੇਜੇ ਹਨ, ਏਹ ਸਾਡੇ ਵਾਸਤੇ ਭੀ ਇਸ਼ਤਿਹਾਰ ਤੇ ਹਲਕਾਰੇ ਦਾ ਕੰਮ ਦੇਵਣਗੇ ਅਤੇ ਹੋਣਾ ਉਹੋ ਹੈ ਜੋ ਸਤਿਗੁਰੂ ਜੀ ਨੂੰ ਮਨਜ਼ੂਰ



www.AKJ.Org

ਹੈ । ਸਾਡੇ ਵਿਚੋਂ ਕਿਸੇ ਨੂੰ ਸਿਦਕ ਤੇ ਸ਼ਾਂਤੀ ਤੋਂ ਡੋਲਣਾ ਨਹੀਂ ਚਾਹੀਦਾ । ਸੱਚ ਮੁੱਚ ਦੇਖਦੇ ਹੀ ਦੇਖਦੇ ਦੋ ਕੁ ਵਜੇ ਤਕ ਪਿੰਡਾਂ ਦੀਆਂ ਬਹੁਤ ਸੰਗਤਾਂ ਆ ਗਈਆਂ । ਕਈ ਸ਼ਬਦੀ ਜਥੇ, ਕਈ ਅਕਾਲੀ ਦਲ ਦੇ ਦਰਸ਼ਨਾਂ ਵਾਸਤੇ ਲੰਗਰ ਛਕਣ ਵਾਲਿਆਂ ਨੇ ਪੰਗਤਾਂ ਲਗਾ ਦਿਤੀਆਂ ਤੇ ਬਾਕੀ ਸੰਗਤਾਂ ਨੇ ਸ਼ਬਦਾਂ ਦੀ ਘਨਘੋਰ ਲਗਾ ਦਿੱਤੀ ।

ਦੋ ਬਜੇ ਦੁਪਹਿਰ ਦੇ ਕਰੀਬ ਸ੍ਰੀਮਾਨ ਮਾਸਟਰ ਈਸ਼ਰ ਸਿੰਘ ਜੀ, ਸਰਦਾਰ ਮਤਾਬ ਸਿੰਘ ਜੀ ਹੈਡ ਮਾਸਟਰ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ, ਸ: ਬਿਸ਼ਨ ਸਿੰਘ ਜੀ ਨੰਬਰਦਾਰ, ਸ: ਸੁੰਦਰ ਸਿੰਘ ਜੀ ਮੈਨੇਜਰ ਕਾਰਖਾਨਾ ਤੇ ਦਾਸ, ਸ੍ਰੀ ਮਾਨ ਜਥੇਦਾਰ ਸਾਹਿਬ ਜੀ ਦੀ ਸੇਵਾ ਵਿਚ ਬੁੰਗੇ ਪਹੁੰਚੇ, ਜਿਥੇ ਸ੍ਰੀ ਮਾਨ ਸਰਦਾਰ ਦਾਨ ਸਿੰਘ ਜੀ, ਸ੍ਰੀਮਾਨ ਭਾਈ ਕਰਤਾਰ ਸਿੰਘ ਜੀ ਝਬਰ, ਸਰਦਾਰ ਤੇਤਾ ਸਿੰਘ ਜੀ ਪਿਸ਼ਾਵਰੀ, ਤੇ ਹੋਰ ਸ੍ਰੀ ਅੰਮ੍ਰਿਤਸਰ ਜੀ ਦੇ ਸੱਜਣ ਭੀ ਆਏ ਬੈਠੇ ਸਨ । ਤੇ ਸੇਵਕ ਜਥੇ ਦੇ ਕੁਝ ਸੱਜਣ ਭਾਈ ਸੰਤ ਸਿੰਘ ਜੀ, ਭਾਈ ਜਸਾ ਸਿੰਘ ਜੀ, ਭਾਈ ਜੈਰਾਮ ਜੀ ਭੀ ਸੱਦ ਕੇ ਵਿਚਾਰ ਸ਼ੁਰੂ ਹੋਇਆ ਕਿ ਇਸ ਪਾਸਿਓਂ ਜਿਥੋਂ ਤਕ ਹੋਵੇ, ਸ਼ਾਂਤੀ ਨਾਲ ਸਾਰਾ ਕਾਰਜ ਨਿਪਟਿਆ ਜਾਵੇ । ਵਿਚ-ਵਾਰ ਕੁਝ ਸੱਜਣਾਂ ਨੇ ਦਸਿਆ ਕਿ ਇਥੋਂ ਦੇ ਗ੍ਰੰਥੀ-ਪੁਜਾਰੀਆਂ ਦੀਆਂ ਅਨੀਤੀਆਂ ਬਹੁਤ ਹੀ ਵਧੀਆਂ ਹੋਈਆਂ ਹਨ, ਜਿਹਾ ਕਿ—

੧੧ ਜਨਵਰੀ ਨੂੰ ਆਸਾ ਦੀ ਵਾਰ ਤੋਂ ਸੇਵਕ ਜਥੇ ਨੂੰ ਕਤਲ ਦੀਆਂ ਧਮਕੀਆਂ ਦੇ ਕੇ ਰੋਕਣਾ, ਭੈੜੀਆਂ ਗੰਦੀਆਂ ਅਯੋਗ ਤੋਂ ਅਯੋਗ ਗਾਲ੍ਹੀਆਂ ਗੁਰਦੁਆਰੇ ਬੈਠ ਕੇ ਸੇਵਕਾਂ ਨੂੰ ਦੇਣੀਆਂ, ਸੇਵਕਾਂ ਦੀਆਂ ਅੰਞਾਣ ਬੱਚੀਆਂ ਖੇਡਣ ਗਈਆਂ ਨੂੰ ਭਾਬੀਆਂ ਆਖਣਾ, ਬੀਬੀਆਂ ਭੈਣਾਂ ਦੀ ਬੇਪਤੀ ਕਰਨੀ, ਅੰਦਰ ਗੁਰਦੁਆਰੇ ਦੇ ਜਵਾਨ ਧੀਆਂ ਭੈਣਾਂ ਨਾਲ ਛੇੜ-ਖਾਨੀ ਕਰਨੀ, ਆਈਆਂ ਸੰਗਤਾਂ ਨੂੰ ਦੁਰਕਾਰਨਾ, ਧਾਰੋਵਾਲ ਦੀਆਂ ਬੀਬੀਆਂ ਦਾ ਨਿਰਾਦਰ, ਨਿਹੰਗ ਸਿੰਘ ਦੀ ਓਸ ਦੀ ਲੜਕੀ ਦੇ ਨਾਲ ਹੁੰਦਿਆਂ ਬੇਪਤੀ, ਮਾਰ-ਕੁਟਾਈ ਕਰ ਕੇ ਠਾਣੇ ਫੜਾ ਦੇਣਾ, ਬਿਹੰਗਮਾਂ ਨੂੰ ਗੁਰਦੁਆਰੇ ਤੋਂ ਧੱਕੇ ਮਾਰਨੇ, ਅਕਾਲੀ ਦਲ ਨੂੰ ਚੂਹੜੇ ਚਮਿਆਰ ਦੱਸਣਾ, ਗ੍ਰੰਥੀਆਂ ਪੁਜਾਰੀਆਂ ਵਿਚੋਂ ਕਈਆਂ ਨੇ ਕੁਠੇ ਤੇ ਉਸਤਰੇ ਵਰਤਣੇ, ਬਹੁਤਿਆਂ ਦਾ ਸ਼ਰਾਬੀ ਤੇ ਵਿਭਚਾਰੀ ਨਿਡਰ ਤੇ ਪ੍ਰਤਖ ਹੋ ਰਹਿਣਾ, ਤੰਮਾਕੂ ਦੀ ਨਸਵਾਰ ਵਰਤਣ ਵਾਲਿਆਂ ਤੇ ਹੱਥਾਂ ਵਿਚ ਬਟੇਰੇ ਲੈ ਕੇ ਗ੍ਰੰਥੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣਾ, ਗੁਰਦੁਆਰੇ ਵਿਚ ਸੇਵਕਾਂ ਦੇ ਬੱਚੇ ਫੜ ਕੇ ਕਤਲ ਕਰ ਦੇਣੇ, ਦਸਵੰਧ ਚੜ੍ਹਾਨ ਆਏ ਸੰਗਤਾਂ ਦੇ ਬੱਚੇ ਗੁੰਮ ਹੋ ਜਾਣੇ ਤੇ ਕੋਈ ਪਤਾ ਥਹੁ ਨਾ ਲਗਣਾ, ਮਥਾ ਟੇਕਣ ਲੱਗੇ ਸਿੱਖਾਂ ਦੇ ਬਟੂਏ ਅੰਦਰ ਗੁਰੂ ਜੀ ਦੇ ਹਜ਼ੂਰ ਡਿਗਦੇ ਹੀ ਗੁੰਮ ਹੋ ਜਾਣੇ ਤੇ ਸਿਖ ਨੂੰ ਡਰਾ ਧਮਕਾ ਕੇ ਕਢ ਦੇਣਾ, ਜੋ ਦੁਖੀ ਕਰਾਇਆ ਭੀ ਉਧਾਰ ਲੈ ਕੇ ਜਾਵੇ ਤੇ ਏਧਰ ਮਰਦਾਂ ਦੇ ਮੈਦਾਨ ਓਹੀ ਪੁਜਾਰੀ ਓਸੇ ਰੁਪਏ ਦੀਆਂ ਸ਼ਰਾਬਾਂ ਦੇ ਜਲਸੇ ਕਰਨੇ, ਭਰਾਵਾਂ ਤੇ ਵਾਰ ਕਰਨ ਵਾਸਤੇ ਨਗਾਰੇ ਤਿਆਰ ਕਰਨੇ, ਸ੍ਰੀ ਦਰਬਾਰ ਸਾਹਿਬ ਜੀ ਨੂੰ ਹੱਟੀ ਦੀ ਤਰ੍ਹਾਂ ਆਪਣੀ ਨਿਜ ਦੀ ਮਾਲਕੀ ਦਸਣਾ, ਸਿੰਘਾਂ ਨੂੰ ਬਾਈਕਾਟ ਕਰਨ ਦੇ ਮਤੇ ਪਕਾਉਣੇ, ਰਹਿਣੀ ਕਹਿਣੀ ਵਾਲੇ ਗੁਰਮੁਖ ਸਿਖਾਂ ਦੀਆਂ ਅਰਦਾਸਾਂ ਭੀ ਨਾ ਕਰਨੀਆਂ, ਪਰ ਸਰੋਵਰ ਦੇ ਕਿਨਾਰੇ ਮੁੰਡਨ ਸੰਸਕਾਰ ਵਾਸਤੇ ਖੁਸ਼ੀ ਨਾਲ ਆਗਿਆ ਦੇ ਦੇਵਣੀ, ਗੁਰਦੁਆਰੇ ਦੀ ਸਾਰੀ ਚੜ੍ਹਤ ਵਿਚੋਂ ਇਕ ਪੈਸਾ ਭੀ ਸੇਵਾ ਤੇ ਨਾ ਲਗਣਾ, ਕੀਰਤਨ ਰੋਸ਼ਨੀ ਆਦਿ ਦਾ ਭੀ ਕੋਈ ਯੋਗ ਪ੍ਰਬੰਧ ਨਾ ਹੋਣਾ, ਸ੍ਰੀ ਮਾਨ ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲਿਆਂ ਜਿਹਾਂ ਨੂੰ ਬੁੰਗਿਆਂ ਦੀ ਮਾਲਕੀ ਤੋਂ ਠੂਠ ਵਿਖਾਲਣਾ, ਸੁਧਾਰ ਦੇ ਵਿਚਾਰ ਨੂੰ ਟਕੂਏ ਕੁਹਾੜੇ ਕ੍ਰਿਪਾਨਾਂ ਲੈ ਕੇ ਡਰਾਉਣਾ ਧਮਕਾਣਾ, ਨਿਤ ਨਵੇਂ ਸੂਰਜ ਅਫਸਰਾਂ ਪਾਸ ਥਾਂ ਪਰ ਥਾਂ ਪਹੁੰਚ ਕੇ ਝੂਠੀਆਂ ਖ਼ਬਰਾਂ ਸੇਵਕਾਂ ਦੇ ਵਿਰੁਧ ਆਖਣੀਆਂ, ਸਿੰਘ ਸਭਾ ਵਾਲਿਆਂ ਦੀਆਂ ਜ਼ਮਾਨਤਾਂ ਕਰਵਾ ਦੇਵਣ ਦੇ ਵਿਰਲਾਪ ਕਰਨੇ, ਅਕਾਲੀ ਦਲ ਦੇ ਸੇਵਕਾਂ ਨੂੰ ਜਦ ਜਿਥੇ ਜਿਸ ਨੇ ਮਿਲਣਾ ਚਹੇੜਾਂ ਕਰਨੀਆਂ ਕਿ ਸ੍ਰੀ ਤਰਨਤਾਰਨ ਸਾਹਿਬ ਸੁਧਾਰ ਵਾਸਤੇ ਕਦੋਂ ਆਵੋਗੇ ? ਤਿਆਰ ਹੋ ਕੇ ਆਉਣਾ, ਜ਼ਰਾ ਤਕੜੇ ਹੋ ਕੇ ਆਉਣਾ । ਏਥੋਂ ਦੇ ਗ੍ਰੰਥੀ-ਪੁਜਾਰੀ ਤਿਆਰ ਬਰਤਿਆਰ ਹਨ । ਇਕ ਦੂ ਇਕ ਮਜ਼ਾ ਚਖਾ ਕੇ ਕਿਸੇ ਦਾ ਦਖ਼ਲ ਹੋਣ ਦੇਵਣਗੇ । ਇਹ ਗਾਜਰਾਂ ਮੂਲੀਆਂ ਜਾਂ ਅਕਾਲ ਤਖ਼ਤ ਜਿਹੇ ਆਪੇ ਭੱਜ ਜਾਣ ਵਾਲੇ, ਸਿਆਲਕੋਟ ਜਿਹੇ



www.AKJ.Org

ਕਮਜ਼ੋਰ, ਪੰਜੇ ਸਾਹਿਬ ਜਿਹੇ ਇਕੱਲੇ, ਰੁਮਾਲੇ ਸਾਹਿਬ ਜਿਹੇ ਧੱਕੇ ਖਾ ਕੇ ਬਾਹਰ ਹੋ ਜਾਵਣ ਵਾਲੇ, ਚੋਹਲੇ ਸਾਹਿਬ ਜਿਹੇ ਚੋਲੇ ਨਹੀਂ ਹਨ। ਏਥੇ ਓਹ ਸਵਾਦ ਦਿੱਤਾ ਜਾਵੇਗਾ ਜੋ ਚੰਗੀ ਤਰ੍ਹਾਂ ਯਾਦ ਰਹੇ, ਆਦਿਕ ਕਰਤੂਤਾਂ ਨੇ ਦਲ ਨੂੰ ਏਥੇ ਆਵਣ ਵਾਸਤੇ ਮਜਬੂਰ ਕੀਤਾ ਹੈ। ਏਨਾਂ ਹਾਲਤਾਂ ਨੂੰ ਸੁਧਾਰ ਵਾਸਤੇ ਸਾਹਮਣੇ ਰੱਖ ਕੇ ਉਦਮ ਕਰਨਾ ਚਾਹੀਦਾ ਹੈ।

ਇਸ ਪਰ ਸ਼ਹਿਰ ਵਲੋਂ ਆਏ ਸੱਜਣਾਂ ਵਲੋਂ ਬੇਨਤੀ ਕੀਤੀ ਗਈ ਕਿ ਬੇਸ਼ੱਕ ਏਸ ਗੁਰਦੁਆਰੇ ਵਿਖੇ ਏਨ੍ਹਾਂ ਤੋਂ ਭੀ ਵੱਧ ਅਨੀਤੀਆਂ ਹੋ ਰਹੀਆਂ ਹਨ, ਪਰ ਏਥੋਂ ਦੇ ਸ਼ਹਿਰਦਾਰ ਬੜੇ ਹੀ ਕਮਜ਼ੋਰ ਤੇ ਬਹੁਤ ਸਾਰੇ ਸਗੋਂ ਗ੍ਰੰਥੀ-ਪੁਜਾਰੀਆਂ ਨਾਲ ਰਲ ਕੇ ਸ਼ਰਾਰਤਾਂ ਕਰਨ ਵਾਲੇ ਮਨਮੱਤੀ ਜਿਹੇ ਹਨ। ਅਕਾਲੀ ਦਲ ਨੇ ਥੋੜ੍ਹਾ ਚਿਰ ਰਹਿਣਾ ਹੈ ਤੇ ਗ੍ਰੰਥੀ-ਪੁਜਾਰੀ ਚਿਰਾਂ ਤੋਂ ਹਰ ਤਰ੍ਹਾਂ ਦੀ ਸ਼ਰਾਰਤ ਵਾਸਤੇ ਤਿਆਰ ਬੈਠੇ ਹਨ ਤੇ ਖੁਲ੍ਹੀ ਮਾਰ ਕੁੱਟ ਕਰਨ ਵਾਸਤੇ ਬਜ਼ਿਦ ਹਨ, ਸ਼ਹਿਰ ਨੂੰ ਸਾੜ ਦੇਵਣ, ਸੇਵਕਾਂ ਨੂੰ ਬਾਲ ਬੱਚੇ ਸਣੇ ਕਤਲ ਕਰ ਦੇਵਣ ਤੇ ਜੋ ਭੀ ਫ਼ਸਾਦ ਹੋ ਸਕੇ ਕਰਨ ਵਾਸਤੇ ਬਕਵਾਸ ਕਰਦੇ ਹਨ। ਭਾਵੇਂ ਹੋਣਾ ਉਹੋ ਕੁਝ ਹੈ ਜੋ ਗੁਰੂ ਜੀ ਨੂੰ ਮਨਜ਼ੂਰ ਹੈ, ਪਰ ਜਿਥੋਂ ਤਕ ਹੋ ਸਕੇ, ਸ਼ਾਂਤੀ ਨਾਲ ਸੁਧਾਰ ਹੋ ਜਾਵੇ ਤਾਂ ਬਹੁਤ ਚੰਗਾ ਹੈ।

ਉੱਤਰ ਵਿਚ ਸ੍ਰੀ ਮਾਨ ਜਥੇਦਾਰ ਜੀ ਨੇ ਦੱਸਿਆ ਕਿ ਅਸੀਂ ਬੜੇ ਹੀ ਪ੍ਰਸੰਨ ਹਾਂ ਜੋ ਸ਼ਾਂਤੀ ਨਾਲ ਸਮਝੌਤਾ ਹੋ ਕੇ ਅੱਗੇ ਵਾਸਤੇ ਸੁਧਾਰ ਹੋ ਜਾਵੇ। ਅਸੀਂ ਮੂਲੋਂ ਹੀ ਨਹੀਂ ਚਾਹੁੰਦੇ ਕਿ ਕਿਸੇ ਤਰ੍ਹਾਂ ਦਾ ਫਸਾਦ ਹੋਵੇ ਤੇ ਨਾ ਹੀ ਸਾਡੀ ਵਲੋਂ ਕੋਈ ਕਿਸੇ ਤਰ੍ਹਾਂ ਲੱਗਦੀ ਵਾਹ ਹੱਥ ਉਠਾਵੇਗਾ। ਸਾਡਾ ਪਹਿਲਾ ਨਿਯਮ ਨਿੰਮਰਤਾ ਤੇ ਮਾਰ ਖਾ ਲੈਣੀ, ਪਰ ਮਾਰਨਾ ਨਹੀਂ, ਸਹਿਣਾ ਪਰ ਕਹਿਣਾ ਨਹੀਂ, ਪੂਜਾ ਨੂੰ ਹੱਥ ਤਕ ਨਾ ਲਗਾਵਣ ਦਾ ਹੈ। ਏਹਨਾਂ ਨੇ ਐਲਾਨੀਆ ਧਮਕੀਆਂ ਸਾਨੂੰ ਭੇਜੀਆਂ, ਪਰ ਅਸੀਂ ਡਰਦੇ ਭੀ ਨਹੀਂ। ਅਕਾਲੀ ਦਲ ਵਾਲੇ ਪਹਿਲੇ ਹੀ ਸੀਸ ਗੁਰੂ ਭੇਟ ਕਰ ਚੁੱਕੇ ਹੋਏ ਹਨ। ਕਿਸੇ ਤਰ੍ਹਾਂ ਭੀ ਸ਼ਾਂਤੀ ਨਾਲ ਸਮਝੌਤਾ ਹੋ ਕੇ ਆਰਜ਼ੀ ਪ੍ਰਬੰਧ ਸੁਧਾਰ ਦਾ ਹੋ ਜਾਵੇ ਤਾਂ ਅਸੀਂ ਸਾਰਾ ਮਾਮਲਾ ਸੰਟਰਲ ਕਮੇਟੀ ਤੇ ਛੱਡ ਕੇ ਕਿਸੇ ਹੋਰ ਥਾਂ ਜਾ ਕੇ ਸੇਵਾ ਕਰਾਂਗੇ।

ਸ੍ਰੀ ਅੰਮ੍ਰਿਤਸਰ ਜੀ ਦੇ ਕੁਝ ਸੱਜਣਾਂ ਨੇ ਦਸਿਆ ਕਿ ਏਥੋਂ ਦੇ ਗ੍ਰੰਥੀ ਪੁਜਾਰੀ ਪੂਰੀ ਤਰ੍ਹਾਂ ਫਸਾਦ ਵਾਸਤੇ ਡਟੇ ਹੋਏ ਹਨ। ਸੁਫਨੇ ਵਿਚ ਭੀ ਆਸ ਨਾ ਰੱਖੋ ਕਿ ਏਥੇ ਸ਼ਾਂਤੀ ਨਾਲ ਸਮਝੌਤਾ ਹੋ ਜਾਵੇਗਾ। ਜੋ ਕਰਨਾ, ਸੰਭਲ ਕੇ ਕਰਨਾ। ਗਾਫ਼ਲ ਹੋ ਕੇ ਵਧੇਰਾ ਨੁਕਸਾਨ ਨਾ ਪਹੁੰਚੇ, ਆਦਿਕ। ਸ: ਮਤਾਬ ਸਿੰਘ ਜੀ ਹੈਡਮਾਸਟਰ ਤੇ ਸ੍ਰੀ ਮਾਨ ਮਾਸਟਰ ਈਸ਼ਰ ਸਿੰਘ ਜੀ ਨੇ ਬਹੁਤ ਹੀ ਯਤਨ ਕੀਤਾ ਕਿ ਜਿਥੋਂ ਤਕ ਹੋਵੇ, ਸ਼ਾਂਤੀ ਨਾਲ ਹੀ ਸਮਝੌਤਾ ਹੋਵੇ, ਗ੍ਰੰਥੀ-ਪੁਜਾਰੀਆਂ ਨੂੰ ਸਖ਼ਤੀ ਦਾ ਮੌਕਾ ਹੀ ਨਾ ਦਿਤਾ ਜਾਵੇ।

ਇਸੇ ਵਿਚਾਰ ਅਨੁਸਾਰ ੪ ਬਜੇ ਸ੍ਰੀ ਦਰਬਾਰ ਸਾਹਿਬ ਜੀ ਪਹੁੰਚ ਕੇ ਪੁਜਾਰੀ ਸਿੰਘਾਂ ਨੂੰ ਮਿਲ ਕੇ ਵਿਚਾਰ ਕੀਤਾ ਕਿ ਪਹਿਲੇ ਏਕਾਂਤ ਬੈਠ ਕੇ ਸੋਚ ਕੀਤੀ ਜਾਵੇ। ਸੋ ਢੋਟੀਆਂ ਵਾਲੇ ਬੁੰਗੇ ਵਿਚ ਜਥੇ ਵਲੋਂ ਜਥੇਦਾਰ ਸ੍ਰੀਮਾਨ ਭਾਈ ਤੇਜਾ ਸਿੰਘ ਜੀ, ਭਾਈ ਕਰਤਾਰ ਸਿੰਘ ਜੀ ਝੱਬਰ, ਆਦਿਕ, ਪੁਜਾਰੀ ਸਿੰਘਾਂ ਵਲੋਂ ਭਾਈ ਨਿਹਾਲ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਗੁਰਬਖਸ਼ ਸਿੰਘ ਜੀ, ਭਾਈ ਗੁਰਦਿਤ ਸਿੰਘ ਜੀ, ਭਾਈ ਤੇਜਾ ਸਿੰਘ ਜੀ ਆਦਿਕ, ਸੰਗਤ ਵਲੋਂ ਸ੍ਰੀ ਮਾਨ ਮਾਸਟਰ ਈਸ਼ਰ ਸਿੰਘ ਜੀ, ਸਰਦਾਰ ਮਤਾਬ ਸਿੰਘ ਜੀ ਹੈਡਮਾਸਟਰ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ, ਸਰਦਾਰ ਬਿਸ਼ਨ ਸਿੰਘ ਜੀ ਨੰਬਰਦਾਰ, ਭਾਈ ਸੁੰਦਰ ਸਿੰਘ ਜੀ ਕਾਰਖਾਨੇ ਵਾਲੇ, ਤੇ ਦਾਸ, ਸ਼ਹਿਰ ਵਲੋਂ ਭਾਈ ਜੱਸਾ ਸਿੰਘ ਜੀ ਗਿਆਨ ਸਿੰਘ ਜੀ ਮੰਡੀ ਵਾਲੇ, ਆਦਿਕ ਸਰਦਾਰ ਧਰਮ ਸਿੰਘ ਜੀ ਰਈਸ ਉਸਮਾ ਤੇ ਹੋਰ ਕੁਝ ਸ੍ਰੀ ਅੰਮ੍ਰਿਤਸਰ ਜੀ, ਆਦਿ ਦੇ ਸੱਜਣ ਸਨ। ਬਹੁਤ ਸਾਰੀ ਗੱਲ ਕੱਥ ਦੇ ਉਪ੍ਰੰਤ ਜਥੇਦਾਰ ਜੀ ਨੇ ਪੰਜ ਸ਼ਰਤਾਂ ਦਸੀਆਂ ਕਿ ਜੇ ਪੁਜਾਰੀ ਸਿੰਘ ਇਹ ਮਨਜ਼ੂਰ ਕਰ ਲੈਣ ਤਦ ਸਮਝੌਤਾ ਛੇਤੀ ਹੋ ਸਕਦਾ ਹੈ ਤੇ ਅਕਾਲੀ ਦਲ ਕਿਸੇ ਹੋਰ ਥਾਂ ਸੁਧਾਰ ਦੀ ਸੇਵਾ ਵਾਸਤੇ ਚਾਲੇ ਪਾ ਦੇਵੇਗਾ। ਓਹ ਸ਼ਰਤਾਂ ਇਹ ਹਨ :—

(੧) ਅਸੀਂ (ਸ੍ਰੀ ਤਰਨਤਾਰਨ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ-ਪੁਜਾਰੀ ਸਿੰਘ) ਗੁਰੂ ਪੰਥ ਅਤੇ ਸੁਕਾਹ



www.AKJ.Org

ਵਲੋਂ ਬਣੀ ਸ਼ਰੋਮਣੀ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੇ ਸੁਧਾਰ ਜੀ ਦੇ ਮਾਤਹਿਤ ਹੋਵਾਂਗੇ, ਅਰਥਾਤ ਉਹਨਾਂ ਦੇ ਨਿਯਮ ਪ੍ਰਵਾਨ ਕਰਾਂਗੇ।

(੨) ਹਾਲਾਂ ਏਥੇ ਆਰਜ਼ੀ ਤੌਰ ਤੇ ਲੋਕਲ ਸਬ ਕਮੇਟੀ, ਜੋ ਸਾਨੂੰ ਸੁਚੇਤ ਕਰਦੀ ਰਹੇ ਤੇ ਸੰਟਰਲ ਕਮੇਟੀ ਨੂੰ ਰਪੋਰਟ ਦਿੰਦੀ ਰਹੇ, ਬਣਾਈ ਜਾਣੀ ਪ੍ਰਵਾਨ ਕਰਦੇ ਹਾਂ, ਜੋ ਗੁਰੂ ਸੰਗਤ ਦੇ ਦੀਵਾਨ ਵਲੋਂ ਬਣੇ।

(੩) ਏਥੋਂ ਦੇ ਪ੍ਰਬੰਧ ਸੰਬੰਧੀ ਜੋ ਸ਼ਿਕਾਇਤਾਂ ਗੁਰੂ ਪੰਥ ਨੂੰ ਹਨ, ਓਹ ਅਸੀਂ ਦੂਰ ਕਰ ਦੇਵਾਂਗੇ ਤੇ ਫੇਰ ਜਾਣ ਬੁਝ ਕੇ ਕਿਸੇ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੇ।

(੪) ਤਨਖਾਹਦਾਰਾਂ ਨੂੰ ਤਨਖ਼ਾਹ ਲਗਾਈ ਜਾਵੇ।

(੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੁਹਾਡੇ ਵਿਚੋਂ ਹੀ ਓਹ ਪੰਜ ਗ੍ਰੰਥੀ ਸਿੰਘ ਨਿਯਤ ਕੀਤੇ ਜਾਵਣ ਜੋ ਤਿਆਰ-ਬਰਤਿਆਰ ਹੋਵਣ। ਹੋਰ ਸਭ ਫ਼ੈਸਲੇ ਸੰਟਰਲ ਕਮੇਟੀ ਕਰੇਗੀ।

ਏਨ੍ਹਾਂ ਸ਼ਰਤਾਂ ਤੇ ਚੰਗੀ ਵਿਚਾਰ ਕਰ ਕੇ ਪੁਜਾਰੀ ਸਿੰਘਾਂ ਦੇ ਪ੍ਰਤੀਨਿਧ ਸੱਜਣਾਂ ਨੇ ਪ੍ਰਸੰਨਤਾ ਪ੍ਰਗਟ ਕੀਤੀ, ਪਰ ਨਾਲ ਹੀ ਦਸਿਆ ਕਿ ਸਾਨੂੰ ਏਨ੍ਹਾਂ ਬਾਬਤ ਸਾਰੇ ਭਰਾਵਾਂ (ਗ੍ਰੰਥੀ ਪੁਜਾਰੀ ਸਿੰਘਾਂ) ਨਾਲ ਸਲਾਹ ਕਰਨ ਦੀ ਮਿਆਦ ਦਿੱਤੀ ਜਾਵੇ, ਕਿਉਂਕਿ ਸਾਰੇ ਪੁਜਾਰੀ ਗ੍ਰੰਥੀ ਤਿੰਨ ਸੌ ਦੇ ਕਰੀਬ ਹਨ, ਕੋਈ ਕਿਤੇ ਕੋਈ ਕਿਤੇ। ਇਸ ਪਰ ਮਾਸਟਰ ਈਸ਼ਰ ਸਿੰਘ ਜੀ ਨ ਦਸਿਆ ਕਿ ਇਕ ਤਰ੍ਹਾਂ ਮਾਮਲਾ ਬੜੀ ਹੀ ਚੰਗੀ ਤਰ੍ਹਾਂ ਨਜਿਠਿਆ ਜਾ ਰਿਹਾ ਹੈ, ਤੁਸੀਂ ਏਸ ਵਾਸਤੇ ਮਿਆਦ ਨਾ ਲਵੋ। ਦੋਹੀਂ ਪਾਸੀਂ ਸਾਰੇ ਸਿਆਣੇ ਨਹੀਂ ਹਨ, ਚਿਰ ਪੈਣ ਨਾਲ ਅਜਿਹੇ ਕੰਮ ਵਿਗੜ ਜਾਂਦੇ ਹਨ। ਜਦ ਤੁਸੀਂ ਸਭਨਾਂ ਵਲੋਂ ਪ੍ਰਵਾਨਗੀ ਲੈ ਕੇ ਆਏ ਹੋ ਤਦ ਏਸ ਨੂੰ ਚਿਰ ਤੇ ਨਾ ਪਾਓ। ਚਿਰ ਪਾਉਣ ਤੇ ਨੁਕਸਾਨ ਹੈ, ਫਾਇਦਾ ਨਹੀਂ। ਏਸ ਬਾਤ ਦੀ ਹੈਡਮਾਸਟਰ ਸਾਹਿਬ ਤੇ ਹੋਰ ਕਈ ਸੱਜਣਾਂ ਭੀ ਚੰਗੀ ਪੁਸ਼ਟੀ ਕੀਤੀ। ਪਰ ਪੁਜਾਰੀ ਸਿੰਘ ਨਾ ਮੰਨੇ। ਏਸ ਪਰ ਭਾਈ ਬਹਾਦਰ ਸਿੰਘ ਜੀ ਹਕੀਮ ਅੰਮ੍ਰਿਤਸਰ ਜੀ ਨੇ ਆਖਿਆ ਕਿ ਐਸ ਵੇਲੇ ਤੁਹਾਡੇ ਸੱਤਰ ਅੱਸੀ ਦੇ ਕਰੀਬ ਗ੍ਰੰਥੀ ਪੁਜਾਰੀ ਹਥਿਆਰ-ਬੰਦ ਹੋ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਹਨ, ਤੁਸੀਂ ਸਮਝੌਤਾ ਸੱਚੇ ਦਿਲ ਨਾਲ ਕਰਨਾ ਚਾਹੋ ਤਦ ਵਧ ਤੋਂ ਵਧ ਅੱਧੇ ਘੰਟੇ ਵਿਚ ਵਿਚਾਰ ਕਰ ਸਕਦੇ ਹੋ।

ਇਸ ਵੇਲੇ ਉਪਰ ਖਲੀ ਸੰਗਤ ਵਲੋਂ ਕਈ ਸੱਜਣ ਜੋਸ਼ ਭਰੇ ਆਏ ਕਿ ਸੰਗਤ ਚਾਰ ਤੋਂ ਪੰਜ ਬਜੇ ਤਕ ਉਡੀਕਦੀ ਹੋਈ ਕਾਹਲੀ ਪੈ ਰਹੀ ਹੈ ਤੇ ਆਖ ਰਹੀ ਹੈ ਕਿ ਪੁਜਾਰੀ ਲੋਕ ਟਾਲ ਮਟੋਲੇ ਕਰ ਰਹੇ ਹਨ। ਇਹ ਕਿਸੇ ਖਾਸ ਸਮੇਂ ਦੀ ਉਡੀਕ ਵਿਚ ਹਨ। ਜੇ ਸਮਝੌਤੇ ਦੀ ਨੀਤ ਹੋਵੇ ਤਦ ਹਥਿਆਰ-ਬੰਦ ਹੋ ਹੋ ਕੇ ਅੰਦਰ ਕਿਉਂ ਜਮ੍ਹਾ ਹੋਵਣ, ਆਦਿਕ। ਫੇਰ ਸਾਰੇ ਸੱਜਣ ਮਿਲ ਕੇ ਬਾਹਰ ਆਉਣ ਲੱਗੇ ਤਾਂ ਗੁਰਦਿਤ ਸਿੰਘ ਗ੍ਰੰਥੀ ਨੇ ਕਿਹਾ ਕਿ ਜੇ ਸਾਨੂੰ ਜ਼ਰਾ ਭੀ ਤਕਲੀਫ ਹੋਈ ਤਦ ਅਸੀਂ ਸ਼ਹਿਰ ਨੂੰ ਭੀ ਚੰਗੀ ਤਰ੍ਹਾਂ ਫਨਾਹ ਕਰਾਂਗੇ, ਸ਼ਹਿਰਦਾਰ ਭੀ ਸੁਖੀ ਨਾ ਵੱਸਣਗੇ। ਏਸ ਪਰ ਮੰਡੀ ਵਾਲੇ ਸਰਦਾਰ ਗਿਆਨ ਸਿੰਘ ਜੀ ਨੇ ਸਮਝਾਇਆ ਕਿ ਇਹ ਗੱਲਾਂ ਫ਼ਸਾਦ ਮਿਟਾਉਣ ਵਾਲੀਆਂ ਨਹੀਂ, ਸਗੋਂ ਫ਼ਸਾਦ ਕਰਵਾਉਣ ਵਾਲੀਆਂ ਹਨ, ਸ਼ਹਿਰਦਾਰਾਂ ਦਾ ਕੀ ਵਾਸਤਾ। ਤੇ ਸ਼ਹਿਰਦਾਰ ਗਾਜਰਾਂ ਤਾਂ ਨਹੀਂ ਹਨ।

ਹੋਰ ਸਾਰੇ ਸਿੰਘ ਦੀਵਾਨ ਵਿਚ ਆ ਗਏ ਤੇ ਪੁਜਾਰੀ ਸਿੰਘ ਸਲਾਹ ਵਾਸਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਗਏ। ਕੁਝ ਆਦਮੀ ਮਛਰੇਵੇਂ ਦੀ ਦਸ਼ਾ ਵਿਚ ਸ਼ਰਾਬੀ ਹੋਏ ਡਾਂਗਾਂ ਲਈ ਆਏ, ਜਿਨ੍ਹਾਂ ਨੂੰ ਦਬਕਾ ਕੇ ਡਾਂਗਾਂ ਖੋਹ ਕੇ ਵਾਪਸ ਕੀਤਾ ਗਿਆ। ਫਿਰ ਪੁਲੀਸ ਦੇ ਕਈ ਸਵਾਰ ਆਏ, ਜੋ ਚੌਕ ਵਿਚ ਖਲੇ ਤਹਿਸੀਲਦਾਰ ਜੀ ਨੇ ਬਜ਼ਾਰ ਵਲੋਂ ਹੀ ਭੇਜ ਦਿੱਤੇ ਜੁ ਕਿਸੇ ਨੂੰ ਅਯੋਗ ਨਾ ਪ੍ਰਤੀਤ ਹੋਵਣ। ਸ੍ਰੀਮਾਨ ਭਾਈ ਕਰਤਾਰ ਸਿੰਘ ਜੀ ਨੇ ਬੁੰਗੇ ਵਿਚ ਕੀਤੀ ਸਾਰੀ ਵਿਚਾਰ ਸੰਗਤ ਵਿਚ ਦੱਸੀ ਤੇ ਦੂਜੇ ਦਿਨ ੧੦ ਬਜੇ ਤਕ ਮਿਆਦ ਦੇਵਣ ਵਾਸਤੇ ਸੰਗਤ ਨੂੰ ਪ੍ਰੇਰਿਆ। ਇਸ ਪਰ ਸੰਗਤ ਵਿਚੋਂ ਅੱਡ ਅੱਡ ਬਹੁਤ ਸਾਰੀਆਂ ਅਵਾਜ਼ਾਂ ਉਠਣ ਲੱਗ ਪਈਆਂ : ਕੋਈ ਕਹੇ, ਇਹ ਮਿਆਦ ਦਾ ਢੁਕਰ ਕਿਸੇ ਧੋਖੇ ਵਾਸਤੇ ਹੈ। ਕੋਈ ਕਹੇ ਏਹ ਸਮਾਂ ਟਾਲ ਰਹੇ ਹਨ। ਕੋਈ ਕਹੇ ਇਹ



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੩)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

੮੦੦ ਤੋਂ ਵੱਧ, ਸਾਰੇ ਸਿੰਘ ਕਤਲ ਕਰ ਕੇ, ਬੰਦਾ ਸਿੰਘ ਤੇ ਉਸਦੇ ੧੭ ਉਘੇ ਸਰਦਾਰ ਤੇ ਅਹਿਲਕਾਰ ਕਿਲ੍ਹੇ ਵਿਚ ਓਸੇ ਤਰ੍ਹਾਂ ਅਗਲੇ ਹੁਕਮ ਤੱਕ ਰਖੇ ਗਏ। ਫਗਣ ਦੀ ਸੰਗਰਾਂਦ ਵਾਲੇ ਦਿਨ ਸਿੰਘਾਂ ਦਾ ਆਖ਼ਰੀ ਜਥਾ ਕਤਲ ਕੀਤਾ ਗਿਆ ਸੀ। ਇਸ ਦਿਨ ਤੋਂ ਲੈ ਕੇ ਤਿੰਨ ਮਹੀਨੇ ਤਕ ਬਿਲਕੁਲ ਚੁਪ-ਚਾਂ ਰਹੀ। ਇਹ ਕੋਈ ਉਨ੍ਹਾਂ ਨਾਲ ਰਿਆਇਤ ਨਹੀਂ ਕੀਤੀ ਗਈ। ਇਸ ਤਰ੍ਹਾਂ ਕਰਨ ਦਾ ਅਸਲੀ ਭਾਵ ਇਹ ਸੀ ਕਿ ਬੰਦਾ ਸਿੰਘ ਜਾਂ ਉਸ ਦੇ ਸਰਦਾਰਾਂ ਪਾਸੋਂ ਉਨ੍ਹਾਂ ਖ਼ਜ਼ਾਨਿਆਂ ਦਾ ਪਤਾ ਕੱਢਿਆ ਜਾ ਸਕੇ, ਜੋ ਸਰਹੰਦ ਜੈਸੇ ਧਨ ਦੌਲਤ ਨਾਲ ਭਰਪੂਰ ਸ਼ਹਿਰ ਦੀ ਲੁਟ ਤੋਂ ਇਨ੍ਹਾਂ ਦੇ ਹੱਥ ਆਏ ਅਤੇ ਕਿਤੇ ਉਜਾੜ ਬੀਆਬਾਨਾਂ ਵਿਚ ਕਿਸੇ ਖ਼ੁਫ਼ੀਆ ਜਗਹ ਵਿਚ ਦੱਬ ਛੱਡੇ ਸਨ। ਨਾਲ ਇਹ ਵੀ ਪਤਾ ਕਢਣਾ ਸੀ ਕਿ ਇਨ੍ਹਾਂ ਦੇ ਕੌਣ ਕੌਣ ਹਮਾਇਤੀ ਬਚ ਗਏ ਹਨ ਤੇ ਉਨ੍ਹਾਂ ਦੇ ਪਿੰਡ ਪੀੜ੍ਹ ਕਿੱਥੇ ਕਿੱਥੇ ਹਨ। ਰੋਜ਼ ਹੀ ਕਈ ਵੱਡੇ ਵੱਡੇ ਅਫ਼ਸਰ ਆਉਂਦੇ, ਸਿੱਖਾਂ ਨਾਲ ਹਮਦਰਦੀ ਦੀਆਂ ਗੱਲਾਂ ਕਰਦੇ, ਬਾਦਸ਼ਾਹ ਦੇ ਬੜਾ ਰਹਿਮ-ਦਿਲ ਹੋਣ ਦੇ ਲਫ਼ਾਫ਼ ਬੰਨ੍ਹਦੇ, ਖ਼ਜ਼ਾਨੇ ਦਸ ਦਿਉਗੇ ਤਾਂ ਸ਼ਾਇਦ ਬਾਦਸ਼ਾਹ ਦਾ ਦਿਲ ਪਸੀਜ ਹੀ ਜਾਵੇ, ਹੁਣ ਇਹ ਦੱਬੇ ਖ਼ਜ਼ਾਨੇ ਤੁਹਾਡੇ ਕਿਸ ਕੰਮ ਹਨ। ਤੁਹਾਨੂੰ ਉਨ੍ਹਾਂ ਤੋਂ ਲਾਭ ਤਾਂ ਹੀ ਹੈ ਜੇ ਤੁਸੀਂ ਉਨ੍ਹਾਂ ਦੀ ਦੱਸ ਪਾ ਦਿਓ ਤੇ ਤੁਹਾਨੂੰ ਮੁਆਫ਼ੀ ਮਿਲ ਜਾਵੇ, ਫਿਰ ਸਰਕਾਰ ਤੁਹਾਡੇ ਗੁਜ਼ਾਰੇ ਲਈ ਤੁਹਾਨੂੰ ਵਿਚੋਂ ਕੁਝ ਦੇਵੇਗੀ। ਨਾ ਦੱਸਣ ਤੇ ਖ਼ਜ਼ਾਨਾ ਤਾਂ ਕੀ ਤੁਹਾਡੇ ਹੱਥ ਆਉਣਾ, ਜਾਨਾਂ ਤੋਂ ਵੀ ਹੱਥ ਧੋ ਬੈਠੋਗੇ। ਸਿੰਘਾਂ ਦਾ ਇਕ ਹੀ ਤੇ ਆਖ਼ਰੀ ਜਵਾਬ ਸੀ ਕਿ–

"ਅਸੀਂ ਖ਼ਜ਼ਾਨੇ ਇਕੱਠੇ ਕਰਨ ਲਈ ਤੇਗਾਂ ਹੱਥਾਂ ਵਿਚ ਲੈ ਕੇ ਮੈਦਾਨ ਵਿਚ ਨਹੀਂ ਸਾਂ ਉਤਰੇ, ਅਸੀਂ ਤਾਂ ਲੁੱਟੀ ਪੁੱਟੀ ਤੇ ਤੁਹਾਡੇ ਜ਼ੁਲਮ ਦੇ ਪਰਲੂ ਥੱਲੇ ਦਰੜੀ ਹੋਈ ਮਾਸੂਮ ਲੁਕਾਈ ਨੂੰ ਥਲਿਓਂ ਕੱਢ ਕੇ ਸੁਖ ਦਾ ਸਾਹ ਲੈਣ ਜੋਗੀ ਕਰਨ ਆਏ ਸਾਂ। ਜੋ ਸਾਡੇ ਹੱਥ ਆਇਆ, ਭੁਆਂ ਕੇ ਉਨ੍ਹਾਂ ਲੋੜਵੰਦਾਂ ਨੂੰ, ਜੋ ਉਸ ਦੇ ਅਸਲ ਹੱਕਦਾਰ ਤੇ ਮਾਲਿਕ ਸਨ, ਵਾਪਸ ਕਰ ਦਿੱਤਾ। ਅਸੀਂ ਬਾਣੀਏ ਬਕਾਲ ਜਾਂ ਤੁਹਾਡੇ ਵਾਂਗ ਦੌਲਤ ਧਰਤੀ ਵਿਚ ਦੱਬ ਕੇ ਉਤੇ ਸੱਪ ਬਣ ਕੇ ਬਹਿਣ ਵਾਲੇ ਨਹੀਂ ਹਾਂ, ਅਸੀਂ ਤਾਂ ਦਬਿਆਂ ਪੁੱਟ ਕੇ ਲੋਕਾਂ ਵਿਚ ਵੰਡਣ ਵਾਲੇ ਹਾਂ। ਸਾਨੂੰ ਕੀ ਪਈ ਸੀ ਕਿ ਖ਼ਜ਼ਾਨੇ ਇਕੱਠੇ ਕਰ ਕੇ ਦੱਬਦੇ ਫਿਰੀਏ। ਇਨ੍ਹਾਂ ਫ਼ਜ਼ੂਲ ਗੱਲਾਂ ਵਿਚ ਸਾਡਾ ਤੇ ਆਪਣਾ ਸਮਾਂ ਨਸ਼ਟ ਨਾ ਕਰੋ। ਸਾਡੇ ਉਤੇ ਨਾ ਕਿਸੇ ਲਾਲਚ ਦਾ ਅਸਰ ਹੈ ਨਾ ਡਰ ਦਾ। ਤੁਹਾਡਾ ਬਾਦਸ਼ਾਹ ਤੇ ਤੁਸੀਂ ਕਿੱਡੇ ਕੁ ਰਹਿਮ-ਦਿਲ ਹੋ, ਸਾਨੂੰ ਰਤਾ ਮਾਸਾ ਵੀ ਭੁਲ ਨਹੀਂ। ਰਹੀ ਗੱਲ ਸਾਡੇ ਸਾਥੀਆਂ ਤੇ ਤੁਹਾਡੇ ਵਿਰੋਧੀਆਂ ਦੀ, ਸਮਝ ਲਓ ਕਿ ਸਾਰਾ ਖਾਲਸਾ ਪੰਥ ਜੀਊਂਦੀ ਆਤਮਾ ਵਾਲਾ ਤੇ ਈਮਾਨਦਾਰ ਮੁਸਲਮਾਨ ਤੇ ਹਿੰਦੂ ਸਾਡੇ ਸਾਥੀ ਹਨ, ਸਰਕਾਰੀ ਜਬਰ ਦੇ ਵਿਰੁਧ ਹਨ। ਇਸ ਗਿਣਤੀ ਦਾ ਸਾਡੇ ਪਾਸ ਕੋਈ ਹਿਸਾਬ ਨਹੀਂ ਹੈ। ਤੁਹਾਡੇ ਸਾਡੇ ਵਿਚਕਾਰ ਇਕ ਬੜੀ ਪੱਕੀ ਲਕੀਰ ਵੱਜੀ ਹੋਈ ਹੈ। ਰਾਜਸੀ ਸ਼ਕਤੀ ਤੇ ਜ਼ੁਲਮ ਜਬਰ ਕਰਨ ਦੀ ਸਮਰੱਥਾ ਤੁਹਾਡੇ ਪਾਸ ਹੈ ਤੇ ਤੁਸੀਂ ਤਾਬੜ ਤੋੜ ਕਰੀ ਜਾ ਰਹੇ ਹੋ। ਲਕੀਰੋਂ ਦੂਜੇ ਪਾਸੇ ਅਸੀਂ ਹਾਂ, ਮਜ਼ਲੂਮ ਸਾਡੇ ਨਾਲ ਹਨ। ਤੁਹਾਡਾ ਜ਼ੁਲਮ ਸਿਰ ਤੇ ਝਲਣ ਦੀ ਸਾਡੇ ਵਿਚ ਮਾਲਿਕ ਨੇ ਅਥਾਹ ਸ਼ਕਤੀ ਭਰ ਦਿੱਤੀ ਹੈ। ਅਸੀਂ ਸਭ ਕੁਝ ਝਲਿਆ ਹੈ ਤੇ ਸਬਰ ਕੀਤਾ ਹੈ। ਤੁਹਾਡਾ ਸਾਡਾ ਅੱਗ ਬਰੂਦ ਵਾਲਾ ਫ਼ਰਕ ਹੈ, ਇਹ ਕਦੀ ਵੀ ਮਿਟ ਨਹੀਂ ਸਕਦੈ। ਜੋ ਤੁਹਾਡੇ ਦਿਲ ਵਿਚ ਹੈ, ਸਾਥੋਂ ਗੁਝਾ ਨਹੀਂ। ਸਾਡੀ ਸ਼ਹਾਦਤ ਦੇ ਖ਼ਜ਼ਾਨੇ ਤੁਸੀਂ ਦੱਬੀ ਖੜੇ ਹੋ, ਸਾਡੀ ਇਮਾਨਤ ਸਾਡੇ ਹਵਾਲੇ ਕਰੋ, ਤਾਂ ਜੁ ਅਸੀਂ ਅੱਗੇ ਜਾ ਚੁਕੇ ਵੀਰਾਂ ਨਾਲ ਮਿਲ ਸਕੀਏ।"

ਸਰਕਾਰੀ ਅਫ਼ਸਰ ਸਿੱਖਾਂ ਦੀ ਖੋ ਨੂੰ ਨਹੀਂ ਸਨ ਸਮਝਦੇ। ਉਨ੍ਹਾਂ ਨੂੰ ਸ਼ੱਕ ਸੀ ਕਿ ਮਾਰ-ਕੁਟਾਈ ਤੇ



www.AKJ.Org

ਅਸਹਿ ਤਸੀਹਾਂ ਨਾਲ ਇਨ੍ਹਾਂ ਦੇ ਹੱਠ ਨੂੰ ਭੰਨ ਲਵਾਂਗੇ। ਸਿੰਘਾਂ ਨੂੰ ਭੁਖ ਤੇਹ, ਕਾਠ ਵਿਚ ਦੇ ਦੇ ਹੱਡ ਪਸਲੀ ਭੰਨ, ਅਤੇ ਕਿਹੜਾ ਜ਼ੁਲਮ ਸੀ ਇਨ੍ਹਾਂ ਤਿੰਨ ਮਹੀਨਿਆਂ ਵਿਚ ਜਿਹੜਾ ਇਨ੍ਹਾਂ ਕੈਦੀਆਂ ਉਤੇ ਨਹੀਂ ਸੀ ਢਾਹਿਆ ਗਿਆ। ਅਫ਼ਸਰਾਂ ਹਾਰ ਕੇ ਬਾਦਸ਼ਾਹ ਨੂੰ ਕਿਹਾ ਕਿ ਇਨ੍ਹਾਂ ਤੋਂ ਕੁਝ ਹਾਸਲ ਨਹੀਂ ਹੁੰਦਾ। ਸੋ ਇਨ੍ਹਾਂ ਦੇ ਕਤਲ ਦਾ ਆਖ਼ਰੀ ਹੁਕਮ ਦੇ ਦਿੱਤਾ ਗਿਆ।

ਇਨ੍ਹਾਂ ਤਿੰਨਾਂ ਮਹੀਨਿਆਂ ਦੀ ਤਫ਼ਤੀਸ਼ ਤੇ ਮਾਰ-ਕੁਟਾਈ ਦੇ ਸਮੇਂ ਜਦ ਸਿੰਘ ਤਸੀਹੇ ਦੇ ਦੇ ਤੇ ਭੁੱਖੇ ਮਾਰ-ਮਾਰ ਮਰਨ ਕਿਨਾਰੇ ਕੀਤੇ ਹੋਏ ਸਨ, ਕਿਲ੍ਹੇ ਵਿਚ ਹੀ ਬਾਦਸ਼ਾਹ ਨੇ ਕੈਦੀਆਂ ਨੂੰ ਪਾਸ ਬੁਲਾਇਆ।

ਬਾਬਾ ਸਰੂਪ ਦਾਸ ਭੱਲਾ ਨੇ ਇਸ ਮੌਕੇ ਦਾ ਹਾਲ "ਮਹਿਮਾ ਪ੍ਰਕਾਸ਼" ਵਿਚ ਦਿੱਤਾ ਹੈ। ਉਹ ਲਿਖਦਾ ਹੈ ਕਿ ਇਨ੍ਹਾਂ ਪਾਸ ਬੁਲਾਇਆਂ ਕੈਦੀਆਂ ਨੂੰ ਸੰਬੋਧਨ ਕਰਕੇ ਫ਼ਰਖੁਸੀਅਰ ਨੇ ਕਿਹਾ : "ਮੈਂ ਸੁਣਿਆ ਸੀ ਤੁਹਾਡੇ ਵਿਚ ਬਾਜ ਸਿੰਘ ਨਾਂ ਦਾ ਸਿੱਖ ਬੜਾ ਉਘਾ ਸੂਰਮਾ ਹੈ, ਨਾਮਵਰ ਬਹਾਦਰ ਹੈ ਅਤੇ ਗੁਰੂ ਦੀ ਉਸ ਤੇ ਖੜੀ ਕਿਰਪਾ ਹੈ।" ਅੱਗੋਂ ਬਾਜ ਸਿੰਘ ਨੇ ਬੜੇ ਠਰ੍ਹੰਮੇਂ ਤੇ ਗਰਜਵੀਂ ਆਵਾਜ਼ ਵਿਚ ਉੱਤਰ ਦਿੱਤਾ, "ਮੈਂ ਹਾਂ ਬਾਜ ਸਿੰਘ, ਗੁਰੂ ਮਹਾਰਾਜ ਦਾ ਇਕ ਅਦਨਾ ਸੇਵਕ"। ਬਾਦਸ਼ਾਹ ਨੇ ਕਿਹਾ, "ਅੱਛਾ ! ਤੂੰ ਤਾਂ ਬੜਾ ਡਾਢਾ ਸੂਰਮਾ ਸੁਣਿਆ ਸੈਂ ਪਰ ਹੁਣ ਤਾਂ ਤੂੰ ਕਾਸੇ ਜੋਗਾ ਨਹੀਂ, ਤੈਥੋਂ ਕੁਝ ਵੀ ਨਹੀਂ ਹੋ ਸਕਦੇ।" ਬਾਜ ਸਿੰਘ ਨੇ ਜੁਆਬ ਦਿੱਤਾ : "ਜੇ ਤੁਸੀਂ ਮੇਰੀਆਂ ਬੇੜੀਆਂ ਖੁਲ੍ਹਵਾ ਦਿਉ ਤਾਂ ਮੈਂ ਹੁਣ ਵੀ ਤੁਹਾਨੂੰ ਏਥੇ ਹੀ ਕੁਝ ਤਮਾਸ਼ਾ ਵਿਖਾ ਦਿਆਂਗਾ।" ਬਾਦਸ਼ਾਹ ਨੂੰ ਉਤਸੁਕਤਾ ਹੋਈ ਕਿ ਭੁੱਖ, ਤੇਹ ਅਤੇ ਤਸੀਹਾਂ ਨਾਲ ਪਿੰਜਰ ਕੀਤਾ ਹੋਇਆ ਭਲਾ ਇਹ ਕੀ ਕਰ ਲਵੇਗਾ, ਬੇੜੀਆਂ ਖੋਲ੍ਹ ਦੇਣ ਦਾ ਹੁਕਮ ਦੇ ਦਿੱਤਾ। ਬੇੜੀਆਂ ਖੁਲ੍ਹਣ ਦੀ ਦੇਰ ਸੀ ਕਿ ਬਾਜ ਸਿੰਘ ਬੜੀ ਤੇਜ਼ੀ ਤੁੰਦੀ ਨਾਲ ਬਾਜ ਵਾਂਗ ਝਪਟਿਆ ਤੇ ਲਾਗੇ ਖੜੇ ਸਨੱਧ-ਬੱਧ ਪਹਿਰੇਦਾਰਾਂ ਚੋਂ ਤਿੰਨਾਂ ਨੂੰ ਹੱਥੀਂ ਪਈਆਂ ਬੇੜੀਆਂ ਦੇ ਸੰਗਲਾਂ ਨਾਲ ਹੀ ਮਾਰ ਮੁਕਾਇਆ, ਫਿਰ ਇਕ ਸ਼ਾਹੀ ਅਮੀਰ (ਅਫ਼ਸਰ) ਵਲ ਹੋਇਆ ਤੇ ਉਹ ਅੱਗੇ ਲੱਗ ਕੇ ਨੱਸ ਉਠਿਆ। ਕੰਮ ਵਧਦਾ ਵੇਖ ਕੇ ਬਾਦਸ਼ਾਹੀ ਖ਼ਿਦਮਤਗਾਰ ਚੁਫੇਰਿਓਂ ਉਸ ਉਤੇ ਟੁੱਟ ਪਏ ਤੇ ਉਸਨੂੰ ਘਾਇਲ ਕਰ ਕੇ ਕਾਬੂ ਕਰ ਲਿਆ ਗਿਆ।

ਬਾਜ ਸਿੰਘ ਦੇ ਹੱਥ ਵੀ ਖੁਲ੍ਹੇ ਹੁੰਦੇ ਤੇ ਤਲਵਾਰ ਜਾਂ ਨੇਜ਼ਾ ਉਸ ਪਾਸ ਹੁੰਦਾ ਤਾਂ ਬਾਦਸ਼ਾਹ ਇਸ ਤੋਂ ਵੀ ਵੱਡਾ ਤਮਾਸ਼ਾ ਵੇਖ ਲੈਂਦਾ। ਤਿੰਨਾਂ ਦੀ ਥਾਂ ਕਈਆਂ ਨੂੰ ਬਹਿਸ਼ਤੀਂ ਵਾੜ ਦੇਂਦਾ।

ਬੰਦਾ ਸਿੰਘ ਨੂੰ ਬੜੇ ਬੜੇ ਲਾਲਚ ਦੇ ਕੇ ਮੁਸਲਮਾਨ ਹੋ ਕੇ ਜਾਨ ਬਚਾ ਲੈਣ ਲਈ ਕਿਹਾ ਗਿਆ। ਜਿਸ ਪੇਸ਼ਕਸ਼ ਨੂੰ ਉਸ ਦੇ ਸਾਥੀਆਂ ਨੇ ਬੜੀ ਘਿਰਣਾ ਨਾਲ ਠੁਕਰਾ ਦਿਤਾ, ਉਸ ਨੂੰ ਬੰਦਾ ਸਿੰਘ ਕਿਵੇਂ ਪਰਵਾਨ ਕਰ ਸਕਦਾ ਸੀ। ਉਸ ਨੇ ਬੜੀ ਨਿਡਰਤਾ ਤੇ ਨਫ਼ਰਤ ਭਰੇ ਲਹਿਜੇ ਵਿਚ ਕਿਹਾ ਕਿ ਉਹ ਇਸਲਾਮ ਕਿਸੇ ਵੀ ਕੀਮਤ ਤੇ ਕਬੂਲ ਨਹੀਂ ਕਰ ਸਕਦਾ। ਆਪਣੇ ਸਤਿਗੁਰੂ ਦਾ ਇਲਾਹੀ ਤੇ ਸੱਚਾ ਧਰਮ ਛਡ ਕੇ ਤੁਹਾਡਾ ਝੂਠਾ, ਛਲ ਕਪਟ ਤੇ ਲਾਰੇ ਲੱਪਿਆਂ ਵਾਲਾ ਧਰਮ ਧਾਰਨ ਕਰਨ ਨਾਲੋਂ, ਮੈਂ ਆਪਣੇ ਗੁਰੂ ਦੇ ਮਾਰਗ ਤੇ ਚਲਦਾ ਹੋਇਆ ਮੁੜ ਮੁੜ ਹਜ਼ਾਰਾਂ ਲਖਾਂ ਵਾਰ ਮਰਨ ਨੂੰ ਤਿਆਰ ਹਾਂ। ਤੁਸੀਂ ਮੌਤ ਦਾ ਡਰਾਵਾ ਦੇ ਕਿਸ ਨੂੰ ਰਹੇ ਹੋ ? ਇਸ ਤੇ ਬਾਦਸ਼ਾਹ, ਜੋ ਕਾਫ਼ੀ ਠਿੱਠ ਹੋ ਕੇ ਖਿਝ ਚੁਕਿਆ ਸੀ, ਨੇ ਅੱਗੇ ਹੋ ਕੇ ਪੁਛਿਆ, "ਜੇ ਤੂੰ ਮਰਨਾ ਹੀ ਮਿਥ ਲਿਆ ਹੈ ਤਾਂ ਆਪ ਹੀ ਦਸ, ਤੈਨੂੰ ਕਿਹੜੀ ਮੌਤੇ ਮਾਰੀਏ ?" ਬੰਦਾ ਸਿੰਘ ਨੇ ਨਿਧੜਕ ਤੜਾਕ ਦੇਣੀ ਕਿਹਾ, "ਜਿਸ ਮੌਤੇ ਆਪ ਮਰਨਾ ਹਈ।" ਇਸ ਤੋਂ ਅੱਗੇ ਬਾਦਸ਼ਾਹ ਨੂੰ ਕੁਝ ਹੋਰ ਕਹਿਣ ਸੁਣਨ ਦੀ ਤਾਬ ਨਾ ਰਹੀ। ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦੇ ਕਤਲ ਦਾ ਆਖ਼ਰੀ ਹੁਕਮ ਸੁਣਾ ਦਿਤਾ।

**ਬੰਦਾ ਸਿੰਘ ਦੀ ਸ਼ਹਾਦਤ–**

੯ ਜੂਨ ੧੭੧੬ ਈ: ਵਾਲੇ ਦਿਨ ਬੰਦਾ ਸਿੰਘ, ਉਸ ਦੇ ਪੁਤਰ ਅਜੈ ਸਿੰਘ ਉਸਦੇ ਸਰਦਾਰ ਜਿਨ੍ਹਾਂ ਵਿਚ ਸ: ਫਤਹ ਸਿੰਘ, ਸ: ਬਾਜ ਸਿੰਘ, ਸ: ਰਾਮ ਸਿੰਘ ਮੀਰਪੁਰ, ਅਲੀ ਸਿੰਘ ਸਲੌਦੀ ਵਾਲਾ, ਗੁਲਾਬ ਸਿੰਘ[1] (ਗਲਾਬੂ) ਆਦਿ ਨੂੰ ਹਥਕੜੀਆਂ ਤੇ ਬੇੜੀਆਂ ਵਿਚ ਜਕੜ ਕੇ ਕਿਲ੍ਹਿਓਂ ਬਾਹਰ ਕਢਿਆ ਗਿਆ। ਸਰਬਰਾਹ



www.AKJ.Org

ਖ਼ਾਨ ਕੋਤਵਾਲ ਤੇ ਮੀਰ-ਏ-ਆਤਿਸ਼ (ਤੋਪਖ਼ਾਨੇ ਦਾ ਮੁਖੀ) ਇਬਰਾਹੀਮੁੱਦੀਨ ਖ਼ਾਨ ਦੀ ਨਿਗਰਾਨੀ ਵਿਚ ਇਨ੍ਹਾਂ ਨੂੰ ਦਿਲੀ ਦੇ ਬਾਜ਼ਾਰਾਂ ਵਿਚ ਦੀ ਫੇਰ ਕੇ ਦਿਲੀਓਂ ਬਾਹਰ ਮਹਿਰੋਲੀ ਵਲ ਲੈ ਜਾਇਆ ਗਿਆ। ਜਿਵੇਂ ਕੈਦ ਕਰ ਕੇ ਲਿਆਂਦੇ ਸਿੰਘਾਂ ਨੂੰ ਦਿਲੀ ਵਿਚ ਲਿਆਉਣ ਲੱਗਿਆਂ ਨਾਲ ਸਲੂਕ ਕੀਤਾ ਸੀ, ਅੱਜ ਵੀ ਫਿਰ ਉਸੇ ਤਰੀਕੇ ਨੂੰ ਦੁਹਰਾਇਆ ਗਿਆ। ਹੱਥਕੜੀਆਂ ਤੇ ਬੇੜੀਆਂ ਨਾਲ ਜਕੜੇ ਹੋਏ ਬੰਦਾ ਸਿੰਘ ਨੂੰ ਲਾਲ ਰੇਸ਼ਮ ਦੀ ਤਿੱਲੇ ਨਾਲ ਕੱਢੀ ਹੋਈ ਪਗੜੀ ਅਤੇ ਤਿੱਲੇਦਾਰ ਪੁਸ਼ਾਕ ਪੁਆਈ ਹੋਈ ਸੀ। ਉਸੇ ਤਰ੍ਹਾਂ ਉਸ ਨੂੰ ਹਾਥੀ ਉੱਤੇ ਚੜ੍ਹਾਇਆ ਹੋਇਆ ਸੀ। ਪਹਿਲਾਂ ਕੁਤਵਾਲੀ ਵੱਲ ਲਿਆਂਦੇ ਗਏ ਤੇ ਫਿਰ ਖਾਜਾ ਬਖ਼ਤਿਆਰ ਕਾਦੀ ਦੀ ਦਰਗਾਹ ਵੱਲ ਲੈ ਤੁਰੇ। ਅੱਗੇ ਅੱਗੇ ਢੋਲ ਵਜਦਾ ਜਾਂਦਾ ਤੇ ਨਾਲ ਡੌਂਡੀ ਪਿਟੀਂਦੀ ਜਾਂਦੀ ਸੀ। ਮਹਿਰੋਲੀ ਤੱਕ ਜਾਂਦਿਆਂ ਤਮਾਸ਼ਾਈਆਂ ਦੀ ਭੀੜ ਕਈ ਹਜ਼ਾਰਾਂ ਤਕ ਅੱਪੜ ਗਈ। ਬੰਦਾ ਸਿੰਘ ਦੇ ਪਿਛੇ ਪਿਛੇ ਉਸ ਦੇ ੨੬ ਸਾਥੀ ਉਸ ਵਾਂਗ ਅਡੋਲ ਤੇ ਸ਼ਾਂਤ-ਚਿਤ ਜਾ ਰਹੇ ਸਨ। ਇਹ ਜਲੂਸ ਪੁਰਾਣੇ ਸ਼ਹਿਰ ਦੀਆਂ ਗਲੀਆਂ ਗਾਹੁੰਦਾ ਹੋਇਆ ਕੁਤਬ ਮੀਨਾਰ ਦੇ ਲਾਗੇ ਖ਼ਾਜਾ ਬਖ਼ਤਿਆਰ ਕਾਦੀ ਦੇ ਰੋਜ਼ੇ ਲਾਗੇ ਆਣ ਅੱਪੜਿਆ। ਇਥੇ ਉਨ੍ਹਾਂ ਤੋਂ ਬਹਾਦਰਸ਼ਾਹ ਬਾਦਸ਼ਾਹ ਦੀ ਕਬਰ ਦੀ ਪਰਕਰਮਾ ਕਰਾਈ ਗਈ। ਆਪਣੇ ਵਲੋਂ ਹਾਕਮਾਂ ਨੇ ਬਾਦਸ਼ਾਹ ਦੀ ਰੂਹ ਨੂੰ ਠੰਡਕ ਪਹੁੰਚਾਈ, ਕਿਉਂਕਿ ਉਹ ਜੀਉਂਦਾ ਹੋਇਆ ਤਾਂ ਬੰਦਾ ਸਿੰਘ ਦਾ ਕੁਝ ਵਿਗਾੜ ਨਹੀਂ ਸੀ ਸਕਿਆ।

ਹੁਣ ਹਾਥੀ ਤੋਂ ਉਤਾਰ ਕੇ ਬੰਦਾ ਸਿੰਘ ਨੂੰ ਭੁੰਜੇ ਬਿਠਾ ਲਿਆ ਗਿਆ। ਇਕ ਵਾਰ ਫਿਰ ਇਸਲਾਮ ਦੀ ਪੇਸ਼ਕਸ਼ ਕੀਤੀ ਗਈ ਕਿ ਇੰਜ ਕਰਨ ਨਾਲ ਜਾਨ-ਬਖਸ਼ੀ ਹੋ ਸਕਦੀ ਹੈ। ਬੰਦਾ ਸਿੰਘ ਤੇ ਸਾਰਿਆਂ ਸਿੰਘਾਂ ਅੱਗੋਂ ਪੂਰੀ ਤਰ੍ਹਾਂ ਧਤਕਾਰ ਦਿਤਾ ਅਤੇ ਅਫ਼ਸਰਾਂ ਨੂੰ ਕਿਹਾ ਕਿ ਜੱਲਾਦਾਂ ਨੂੰ ਹੁਕਮ ਦੇ ਕੇ ਤੁਸੀਂ ਆਪਣੇ ਸੜਦੇ ਸੀਨੇ ਠਾਰੋ, ਅਸੀਂ ਆਪਣੇ ਸਤਿਗੁਰੂ ਤੋਂ ਕੁਰਬਾਨ ਜਾਂਦੇ ਹਾਂ। ਤਾਰੀਖ਼ਿ-ਮੁਜ਼ਫਰੀ ਦੀ ਲਿਖਤ ਅਨੁਸਾਰ ਗੁਰੂ ਗੋਬਿੰਦ ਸਿੰਘ ਵਲੋਂ ਚੁਣੇ ਹੋਏ ਸਿੱਖ ਆਗੂ ਨੇ ਚੰਦ ਦਿਨਾਂ ਦੀ ਨਿਗੂਣੀ ਜ਼ਿੰਦਗੀ ਲਈ ਆਪਣਾ ਧਰਮ ਤਿਆਗਣ ਦੀ ਥਾਂ ਇਕ ਸੱਚੇ ਤੇ ਸਿਦਕੀ ਸਿਖ ਵਾਂਗ ਆਪਣੇ ਜੀਵਨ ਦਾ ਬਲੀਦਾਨ ਦੇਣਾ ਪਰਵਾਨ ਕਰ ਲਿਆ। ਬੰਦਾ ਸਿੰਘ ਦੇ ੪ ਕੁ ਸਾਲਾਂ ਦੇ ਪੁਤਰ ਅਜੈ ਸਿੰਘ ਜੋ ਤਾਰੀਖ਼ਿ-ਮੁਹੰਮਦ ਸ਼ਾਹੀ ਦੇ ਸ਼ਬਦਾਂ ਮੁਜਬ ਬਹੁਤ ਹੀ ਸੋਹਣਾ ਤੇ ਪਰਲੇ ਦਰਜੇ ਦਾ ਸ਼ਕੀਲ ਸੀ, ਨੂੰ ਉਸ ਦੀ ਗੋਦੀ ਵਿਚ ਬੈਠਾਇਆ ਤੇ ਖੰਜਰ ਦੇ ਕੇ ਕਿਹਾ ਕਿ ਆਪਣੇ ਹੱਥੀਂ ਉਸ ਨੂੰ ਮਾਰੇ।[2]ਉਸਨੇ ਕਿਹਾ ਕਿ ਮੈਂ ਤਾਂ ਅੱਜ ਤੱਕ ਕਿਸੇ ਦੁਸ਼ਮਣ ਦੇ ਬੱਚੇ ਨੂੰ ਵੀ ਨਹੀਂ ਮਾਰਿਆ,ਇਸ ਨੂੰ ਕਿਉਂ ਤੇ ਕਿਵੇਂ, ਮਾਰ ਸਕਦਾ ਹਾਂ। ਫਿਰ ਜੱਲਾਦ ਨੇ ਉਸ ਅਤਿ ਸੁੰਦਰ ਤੇ ਮਾਸੂਮ ਬੱਚੇ ਨੂੰ ਛੁਰੇ ਨਾਲ ਟੁਕੜੇ ਟੁਕੜੇ ਕਰ ਸੁਟਿਆ ਉਸ ਦਾ ਕਲੇਜਾ ਕੱਢ ਕੇ ਉਸ ਦੇ ਟੋਟੇ ਕੀਤੇ। ਮਾਸ ਦੇ ਲੋਥੜੇ ਬੰਦੇ ਦੇ ਮੂੰਹ ਤੇ ਮਾਰੇ ਤੇ ਟੋਟੇ ਕੀਤਾ ਕਲੇਜਾ ਉਸ ਦੇ ਮੂੰਹ ਵਿਚ ਛੁਰੀਆਂ ਨਾਲ ਤੁੰਨ ਦਿਤਾ ਗਿਆ। ਬੱਚੇ ਦੀਆਂ ਆਂਦਰਾਂ ਚੁੱਕ ਕੇ ਬੰਦਾ ਸਿੰਘ ਦੇ ਗਲ ਦੁਆਲੇ ਵਲ੍ਹੇਟੀਆਂ ਗਈਆਂ। ਇਸ ਤੋਂ ਪਿਛੋਂ ਉਸ ਦੀ ਸੱਜੀ ਅੱਖ ਕੱਢੀ, ਫਿਰ ਖੱਬੀ। ਸੱਜਾ ਪੈਰ, ਫਿਰ ਖੱਬਾ ਵਢੇ ਤੇ ਫਿਰ ਇੰਜ ਹੀ ਦੋਵੇਂ ਹੱਥ ਵੱਢੇ ਗਏ। ਦਰਿੰਦਿਆਂ ਨਾਲੋਂ ਬਦਤੱਰ ਜੱਲਾਦਾਂ ਨੇ ਲਾਲ ਭਖਦੇ ਜਮੂਰਾਂ ਨਾਲ ਬੰਦਾ ਸਿੰਘ ਦੇ ਡੌਲਿਆਂ, ਪਿੰਨੀਆਂ, ਪੱਟਾਂ ਤੇ ਪਿੰਡੇ ਤੋਂ ਮਾਸ ਨੋਚਿਆ ਤੇ ਬੋਟੀਆਂ ਕੱਢ ਕੱਢ ਭੁੰਜੇ ਸੁੱਟੀ ਗਏ। ਪਰ ਆਫ਼ਰੀਨ ਇਸ ਸਿਖ ਦੇ! ਚੁਪ-ਚਾਪ ਤੇ ਅਡੋਲ ਬੈਠਾ ਰਿਹਾ। ਬਹੁੜੀ ਪਾਹਰਿਆ ਜਾਂ ਸੀ ਤਕ ਨਹੀਂ ਉਚਰੀ। ਜੱਲਾਦ, ਅਫ਼ਸਰ ਤੇ ਵੇਖਣ ਵਾਲੇ ਤਮਾਸ਼ਾਈ ਸਭ ਹੱਕੇ ਬੱਕੇ ਰਹਿ ਗਏ। ਅੱਖਾਂ ਟੱਡੀਆਂ ਹੀ ਰਹਿ ਗਈਆਂ। ਜਲਾਦਾਂ ਨੇ ਤਸੀਹੇ ਦੇਣ ਵਿਚ ਆਪਣਾ ਸਾਰਾ ਟਿੱਲ ਲਾ ਲਿਆ, ਪਰ ਉਹ ਬੰਦਾ ਸਿੰਘ ਦੇ ਮੂੰਹੋਂ 'ਸੀ' ਨਾ ਕਢਾ ਸਕੇ। ਜੱਲਾਦ ਉਸ ਦੇ ਹੱਠ ਅੱਗੇ ਹਾਰ ਗਏ। ਅੰਤ ਨੂੰ ਉਸ ਦਾ ਸਿਰ ਵੱਢ ਦਿਤਾ ਗਿਆ ਤੇ ਬਾਕੀ ਸਰੀਰ ਦੇ ਬੰਦ ਬੰਦ ਕੱਟ ਦਿਤੇ। ਧਰਤੀ ਖ਼ੂਨ ਤੇ ਸ਼ਹੀਦ ਦੇ ਮਾਸ ਦੀਆਂ ਬੋਟੀਆਂ ਨਾਲ ਵਿਛੀ ਫੁਲਕਾਰੀ ਵਰਗੀ ਹੋ ਗਈ। ਮਾਊਂਟ ਸਟੂਅਰਟ ਐਲਫ਼ਿੰਸਟਨ ਦੇ ਜ਼ਿਕਰ ਅਨੁਸਾਰ ਉਸਨੇ ਬੜੇ ਅਥਾਹ ਧੀਰਜ ਤੇ ਨਿਸਚੇ ਨਾਲ ਸਮੇਂ ਦੇ ਅਨਿਆਇ ਅਤੇ ਅਤਿਆਚਾਰਾਂ ਨੂੰ ਖ਼ਤਮ ਕਰਨ ਲਈ ਵਾਹਿਗੁਰੂ ਵਲੋਂ ਇਕ ਸਾਧਨ ਹੋਣ ਵਿਚ ਖ਼ੁਸ਼ੀ



www.AKJ.Org

ਖ਼ੁਸ਼ੀ ਜਾਨ ਕੁਰਬਾਨ ਕੀਤੀ। ਬਾਕੀ ਸਿੰਘ ਨੂੰ ਵੀ ਇੰਜ ਹੀ ਤਸੀਹੇ ਦੇ ਕੇ, ਕੀਮਾ ਕੀਮਾ ਕਰ ਦਿਤਾ ਗਿਆ। ਇਹ ਅਤਿਆਚਾਰ ਮੁਗਲ ਰਾਜ ਦੀ, ਭਰ ਕੇ ਬੇੜੀ ਡੋਬਣ ਲਈ ਵਜ਼ਨੀ ਪੱਥਰ ਸਿਧ ਹੋਇਆ। [ਚਲਦਾ]

## ਹਵਾਲੇ ਤੇ ਫੁਟ ਨੋਟ

੧. ਗੁਲਾਬੂ ਤੋਂ ਪਿਛੋਂ ਗੁਲਾਬ ਸਿੰਘ। ਇਹ ਆਦਮੀ ਤਜਾਰਤ-ਪੇਸ਼ਾ ਸੀ ਤੇ ਅਰੰਭ ਵਿਚ ਇਹ ਬਹਾਦਰ ਸ਼ਾਹ ਦੇ ਦਰਬਾਰ ਤੇ ਲਸ਼ਕਰ ਵਿਚ ਤਮਾਕੂ ਵੇਚਿਆ ਕਰਦਾ ਸੀ। ਗੁਰੂ ਘਰ ਦੀ ਕੁਰਬਾਨੀ, ਸਿੰਘਾਂ ਦੀ ਬੀਰਤਾ ਅਤੇ ਬੰਦਾ ਸਿੰਘ ਦੀ ਬਹਾਦਰੀ ਨੇ ਇਸ ਦਾ ਮਨ ਬਦਲ ਦਿਤਾ ਤੇ ਇਸ ਦਾ ਝੁਕਾ ਬੰਦਾ ਸਿੰਘ ਵਲ ਹੋ ਗਿਆ। ਇਸ ਦੇ ਮਨ ਵਿਚ ਉਸ ਪ੍ਰਤੀ ਬੜੀ ਸ਼ਰਧਾ ਬਣ ਗਈ। ਜਦ ਲੋਹਗੜ੍ਹ ਦੀ ਲੜਾਈ ਹੋਈ ਤਾਂ ਇਹ ਬਹਾਦਰ ਸ਼ਾਹ ਦੇ ਲਸ਼ਕਰ ਚੋਂ ਨਿਕਲ ਕੇ ਬੰਦਾ ਸਿੰਘ ਪਾਸ ਚਲਾ ਗਿਆ ਤੇ ਪੱਕਾ ਸਿੰਘ ਬਣ ਗਿਆ। ਲੋਹਗੜ੍ਹ ਵਿਚੋਂ ਅਲੋਪ ਹੋਣ ਵੇਲੇ ਲਸ਼ਕਰ ਨੂੰ ਧੋਖਾ ਦੇਣ ਲਈ ਇਸ ਗੁਲਾਬ ਸਿੰਘ ਨੇ ਉਸ ਦੀ ਪੁਸ਼ਾਕ ਪਾ ਲਈ ਤੇ ਉਸ ਦੀ ਜਗ੍ਹਾ ਬੈਠ ਗਿਆ, ਤਾਕਿ ਬਾਹਰੋਂ ਵੇਖਣ ਵਾਲੇ ਸਮਝਣ ਕਿ ਬੰਦਾ ਸਿੰਘ ਅੰਦਰ ਹੀ ਹੈ। ਲੋਹਗੜ੍ਹ ਦਾ ਕਿਲ੍ਹਾ ਸਰ ਹੋ ਗਿਆ। ਬੰਦਾ ਸਿੰਘ ਨਿਕਲ ਚੁੱਕਾ ਸੀ। ਉਸ ਦੀ ਥਾਂ ਉਸ ਦਾ ਪਹਿਲਾ ਤਮਾਕੂ-ਫਰੋਸ਼ ਗੁਲਾਬੂ ਫੜਿਆ ਆਇਆ। ਬਹਾਦਰ ਸ਼ਾਹ ਨੇ ਇਸ ਨੂੰ ਸਣੇ ਨਾਹਨੀਏ ਰਾਜੇ ਦੇ ਲੋਹੇ ਦੇ ਪਿੰਜਰੇ ਵਿਚ ਕੈਦ ਕਰ ਕੇ ਦਿੱਲੀ ਵਲ ਘਲਾ ਦਿਤਾ। ਬਾਦਸ਼ਾਹ ਲਾਹੌਰ ਜਾ ਕੇ ਪਾਗਲ ਹੋ ਕੇ ਮਰ ਗਿਆ। ਗੁਲਾਬ ਸਿੰਘ ਦਿੱਲੀ ਹੀ ਕੈਦ ਰਿਹਾ। ਗੁਰਦਾਸ ਨੰਗਲ ਦਾ ਕਿਲ੍ਹਾ ਸਰ ਹੋ ਜਾਣ ਪਿਛੋਂ ਜਦ ਬੰਦਾ ਸਿੰਘ ਫੜਿਆ ਦਿੱਲੀ ਆਇਆ ਤਾਂ ਹੋਰਨਾਂ ਸਿੰਘਾਂ ਨਾਲ ਇਹ ਵੀ ਸ਼ਹੀਦ ਕੀਤਾ ਗਿਆ।

੨. ਜਦ ਹਜ਼ਰਤ ਮੁਹੰਮਦ ਸਾਹਿਬ ਮਕਿਓਂ ਹਿਜਰਤ ਕਰ ਕੇ ਮਦੀਨੇ ਚਲੇ ਗਏ ਤਾਂ ਮੱਕੇ ਵਾਲਿਆਂ ਉਨ੍ਹਾਂ ਨੂੰ ਉਥੇ ਵੀ ਸੁਖ ਦਾ ਸਾਹ ਨਾ ਲੈਣ ਦਿਤਾ। ਉਥੇ ਜਾ ਕੇ ਹਮਲੇ ਕੀਤੇ। ਪਹਿਲੀ ਬਦਰ ਦੀ ਲੜਾਈ ਕਰ ਕੇ ਤੇ ਦੂਜੀ ਉਹਦ ਦੀ ਲੜਾਈ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਲੜਾਈ ਵਿਚ ਮੱਕੇ ਦੀ ਫ਼ੌਜ ਦੇ ਇਕ ਜੰਗਜੂ ਤੇ ਵੱਡੇ ਅਫ਼ਸਰ ਅਤਬਾ ਨਾਮੀ ਨੇ ਹਜ਼ਰਤ ਦੀ ਫ਼ੌਜ ਨੂੰ ਵੰਗਾਰਿਆ ਕਿ ਆਉ ਕੋਈ ਸੂਰਮਾ ਤੇ ਵੇਖੋ ਮੇਰੇ ਨਾਲ ਦੋ ਹੱਥ। ਉਸ ਦਾ ਲੜਕਾ ਜੋ ਮੁਸਲਮਾਨ ਹੋ ਚੁਕਿਆ ਸੀ, ਉਹ ਉਠ ਕੇ ਆਪਣੇ ਬਾਪ ਦੇ ਮੁਕਾਬਲੇ ਤੇ ਜਾਣ ਲੱਗਾ ਕਿ ਉਸ ਨੂੰ ਮੁਕਾਬਲੇ ਵਿਚ ਕਤਲ ਕਰੇ ਤਾਂ ਹਜ਼ਰਤ ਮੁਹੰਮਦ ਨੇ ਉਸ ਨੂੰ ਮਨ੍ਹਾ ਕਰ ਦਿਤਾ। ਕਿਹਾ ਕਿ ਇਸਲਾਮੀ ਸ਼ਰ੍ਹਾ ਵਿਚ ਇਹ ਬਿਲਕੁਲ ਅਪ੍ਰਵਾਨਤ ਹੈ ਕਿ ਬੱਚਾ ਬਾਪ ਨੂੰ ਮਾਰੇ ਜਾਂ ਬਾਪ ਬੱਚੇ ਨੂੰ। ਇਸ ਤੋਂ ਲਗ ਪਗ ਇਕ ਹਜ਼ਾਰ ਸਾਲ ਬਾਅਦ ਸ਼ਰ੍ਹਾ ਦੀ ਸ਼ਕਲ ਹੀ ਵਿਗੜ ਗਈ। ਮੁਗਲ ਰਾਜ ਵਿਚ ਤਾਂ ਇਸ ਦਾ ਹੁਲੀਆ ਹੀ ਮੁਲਾਣਿਆਂ ਬਦਲ ਦਿਤਾ। ਹਜ਼ਰਤ ਤਾਂ ਬਾਪ ਬੇਟੇ ਦੇ ਵਿਚਕਾਰ ਲੜਾਈ ਤਕ ਨੂੰ ਪਸੰਦ ਨਹੀਂ ਕਰਦੇ, ਹਾਲਾਂਕਿ ਅਤਬਾ ਦਾ ਮਾਰੇ ਜਾਣਾ ਇਸਲਾਮ ਦੇ ਮੁਫ਼ਾਦ ਵਿਚ ਸੀ। ਪਰ ਵੇਖੋ ਸਿਤਮ-ਜ਼ਰੀਫ਼ੀ ਇਨ੍ਹਾਂ ਲੋਕਾਂ ਦੀ ਕਿ ਬੰਦਾ ਸਿੰਘ, ਜਦ ਕਿ ਉਹ ਉਨ੍ਹਾਂ ਦੀ ਕੈਦ ਵਿਚ ਹੈ ਤੇ ਮਜਬੂਤ ਹਾਲਤ ਵਿਚ ਹੈ, ਉਸ ਨੂੰ ਕਿਹਾ ਜਾਂਦਾ ਹੈ ਕਿ ਆਪਣੇ ਸ਼ੀਰ-ਖ਼ੋਰ ਬੱਚੇ ਨੂੰ ਹੱਥੀਂ ਕਤਲ ਕਰੇ। ਕੋਈ ਇਸਲਾਮੀ ਧਾਰਮਿਕ ਵਿਦਵਾਨ ਦਸ ਸਕਦੇ ਕਿ ਉਸ ਮਾਸੂਮ ਬੱਚੇ ਦਾ ਕੀ ਕਸੂਰ ਸੀ? ਸ਼ਰ੍ਹਾ ਇਸ ਜ਼ੁਲਮ ਦੀ ਆਗਿਆ ਦੇਂਦੀ ਹੈ? ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਕਿਹਾ ਗਿਆ ਕਿ ਉਹ ਜ਼ਾਲਮ ਹਨ, ਬੁਰੇ ਹਨ, ਜੇ ਉਹ ਮੁਸਲਮਾਨ ਹੋ ਜਾਂਦੇ ਤਾਂ ਕੀ ਉਹ ਸਤ ਪੁਰਸ਼ ਬਣ ਜਾਂਦੇ? ਮੰਨ ਲਓ ਇਸਲਾਮ ਵਿਚ ਇਹ ਖ਼ੂਬੀ ਹੈ ਕਿ ਜੇ ਕੋਈ ਜ਼ਾਲਮ ਆਦਮੀ ਉਸ ਨੂੰ ਧਾਰਨ ਕਰ ਲਵੇ ਤਾਂ ਅੱਲਾ ਤੇ ਰਸੂਲ ਨੂੰ ਪਰਵਾਨ ਹੋ ਜਾਂਦੈ, ਤਾਂ ਜੋ ਪਹਿਲਾਂ ਹੀ ਮੁਸਲਮਾਨ ਹਨ, ਅੱਲਾ ਤੇ ਰਸੂਲ ਦੇ ਪਿਆਰੇ ਹਨ, ਉਹ ਜ਼ੁਲਮ ਕਿਉਂ ਕਰਨ? ਕੀ ਉਨ੍ਹਾਂ ਨੂੰ ਜ਼ੁਲਮ ਦਾ ਧੁਰੋਂ ਪੱਟਾ ਲਿਖਤ ਵਿਚ ਮਿਲਿਆ ਹੈ ਕਿ ਜੋ ਜੀ ਆਵੇ ਇਸਲਾਮ ਦੇ ਨਾਉਂ ਤੇ ਕਰੇ? ਬੰਦਾ ਸਿੰਘ ਨੇ ਤਾਂ ਉਨ੍ਹਾਂ ਲੋਕਾਂ ਦੀ ਸਿਧਾਈ ਕੀਤੀ ਸੀ ਜਿਨ੍ਹਾਂ ਜ਼ੁਲਮ ਜਬਰ ਦੀ ਅੱਤ ਚੁੱਕੀ ਹੋਈ ਸੀ, ਜਿਵੇਂ ਸਰਹੰਦ, ਸਮਾਣਾ, ਸਢੌਰਾ, ਇਸਮਾਈਲਾਬਾਦ, ਮੁਸਤਫ਼ਾਬਾਦ, ਕਪੂਰੀ ਤੇ ਪਹਾੜੀ ਰਾਜੇ। ਹੋਰ ਕਿਸੇ ਨੂੰ ਉਸ ਨੇ ਕੁਝ



www.AKJ.Org

# ਭਗਤ ਰਵਿਦਾਸ ਜੀ

## ੧੮-੨-੯੨ ਨੂੰ ਜਨਮ ਦਿਨ ਤੇ ਵਿਸ਼ੇਸ਼

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, ੧੬੨, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਭਗਤ ਰਵਿਦਾਸ ਜੀ ਨੇ ਜਦੋਂ ਮਨੁਖੀ-ਏਕਤਾ ਤੇ ਬਰਾਬਰੀ ਦਾ ਸੰਦੇਸ਼ ਦਿੱਤਾ, ਉਹ ਸਮਾਂ ਹਿੰਦੁਸਤਾਨ ਦੇ ਇਤਿਹਾਸ ਦਾ ਘੋਰ ਹਨੇਰਾ ਸੀ। ਉਦੋਂ ਸਮਾਜਕ, ਰਾਜਨੀਤਕ ਤੇ ਧਾਰਮਿਕ ਤੌਰ ਤੇ ਹਿੰਦੁਸਤਾਨ ਦੇ ਵਾਸੀ ਨਿੱਘਰੇ ਹੋਏ ਸਨ। ਧਰਮ ਵਿਚ ਕਰਮ-ਕਾਂਡ ਤੇ ਪਾਖੰਡ ਦਾ, ਸਮਾਜ ਵਿਚ ਛੂਆ-ਛੂਤ ਤੇ ਰਾਜਨੀਤੀ ਵਿਚ ਧੱਕੇ ਤੇ ਅਨਿਆਂ ਦਾ ਬੋਲ-ਬਾਲਾ ਸੀ। ਕੱਟੜਤਾ ਤੇ ਧੱਕੇਸ਼ਾਹੀ ਦਾ ਰਾਜ ਸੀ। ਹਿੰਦੂ ਧਾਰਮਿਕ ਆਗੂ ਸਮੁੱਚੇ ਤੌਰ ਤੇ ਡਰੇ ਹੋਏ ਸਨ। ਭਗਤ ਜੀ ਨੇ ਸਮੇਂ ਦੀ ਨਬਜ਼ ਨੂੰ ਅਨੁਭਵ ਕੀਤਾ ਤੇ ਦੇਸ਼ ਵਿਚ ਧਾਰਮਿਕ ਤੇ ਸਮਾਜਿਕ ਅੰਦੋਲਨ ਦਾ ਮੁੱਢ ਬੰਨ੍ਹਿਆ ਅਤੇ ਲੋਕਾਂ ਨੂੰ ਨਵੇਂ ਸਮਾਜ ਵਿਚ ਸਮੁੱਚੇ ਮਨੁੱਖ-ਮਾਤਰ ਦੀ ਏਕਤਾ ਤੇ ਬਰਾਬਰੀ ਲਈ ਹੋਂਦ ਕਾਇਮ ਕਰਨ ਲਈ ਟੁੰਬਿਆ।

ਭਗਤ ਰਵਿਦਾਸ ਜੀ ਦੀ ਬਾਣੀ ਨੇ ਦਲਿਤ-ਜਾਤੀ ਦੇ ਮਨ ਵਿਚ ਇਕ ਚੇਤਨਾ ਜਗਾਈ, ਜਾਗ੍ਰਤੀ ਲਈ ਚਿਣਗ ਸੁੱਟੀ ਅਤੇ ਪਛੜੇ ਤੇ ਲਤਾੜੇ ਹੋਏ ਵਰਗ ਨੂੰ ਜਥੇਬੰਦ ਕਰਨ ਦੇ ਉਪਰਾਲੇ ਛੋਹੇ। ਜਿੱਥੇ ਉਨ੍ਹਾਂ ਨੇ ਲੋਕਾਂ ਅੰਦਰ ਪ੍ਰਭੂ-ਭਗਤੀ ਦੀ ਲਗਨ ਪੈਦਾ ਕੀਤੀ, ਉਥੇ ਮਾਨਵ-ਸਮਾਨਤਾ ਵਾਲੀ ਸੁਰ ਵੀ ਉਚੀ ਕੀਤੀ। ਭਗਤ ਜੀ ਨੇ ਜਾਤ-ਪਾਤ, ਜਾਤ-ਜਨਮ ਦੇ ਆਧਾਰ ਤੇ ਮਨੁੱਖਾਂ ਵਿਚ ਪਏ ਵਿਤਕਰਿਆਂ ਵਿਰੁੱਧ ਭਰਪੂਰ ਆਵਾਜ਼ ਉਠਾਈ ਤੇ ਸਭ ਲੋਕਾਂ ਨੂੰ ਊਚ-ਨੀਚ ਦੇ ਵਿਚਾਰ ਤਿਆਗ ਕੇ ਬੇ-ਗਮਪੁਰਾ ਦੇ ਸ਼ਹਿਰੀ ਹੋਣ ਦਾ ਸੱਦਾ ਦਿੱਤਾ, ਉਹ ਬੇ-ਗਮਪੁਰਾ ਜਿੱਥੇ ਦੁਖ, ਅੰਦੇਸ਼ਾ, ਡਰ, ਧੋਖਾ, ਜਬਰੀ, ਟੈਕਸ ਨਹੀਂ, ਜਿਥੇ ਅਣ-ਮਨੁੱਖੀ ਘਟਨਾਵਾਂ ਨਹੀਂ ਵਾਪਰਦੀਆਂ, ਜਿਥੋਂ ਦੇ ਸ਼ਹਿਰੀ ਸਭ ਇਕ-ਸਮਾਨ ਹਨ, ਕੋਈ ਵੱਡਾ-ਛੋਟਾ ਨਹੀਂ।

ਅੱਜ ਤੋਂ ਕੋਈ ਛੇ ਸੌ ਸਾਲ ਪਹਿਲਾਂ ਭਗਤ ਰਵਿਦਾਸ ਜੀ ਨੇ ਸਾਡੇ ਸਾਹਮਣੇ ਇਕ ਐਸੇ ਸਮਾਜ ਦਾ ਨਕਸ਼ਾ ਖਿਚਿਆ ਸੀ, ਜਿਸ ਦੀ ਮਹਾਨਤਾ ਅੱਜ ਅੰਤਰ-ਰਾਸ਼ਟਰੀ ਪੱਧਰ ਉਤੇ ਕਬੂਲ ਕੀਤੀ ਜਾ ਰਹੀ ਹੈ। ਸ਼ਬਦ ਦਾ ਮੂਲ-ਪਾਠ ਹੈ :-

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥<br>
ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥<br>
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ॥<br>
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ, ਏਕ ਸੋ ਆਹੀ ॥<br>
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥

---

ਨਹੀਂ ਕਿਹਾ। ਜੋ ਇਲਾਕਾ ਮੁਗਲ ਪੰਜੇ ਚੋਂ ਆਜ਼ਾਦ ਕਰਵਾਇਆ, ਉਸ ਉਤੇ ਕਿਸੇ ਚੰਗੇ ਆਚਰਨ ਤੇ ਨਿਆਂਕਾਰੀ ਲੋਕਲ ਆਦਮੀ ਨੂੰ ਹੀ ਥਾਪਿਆ। ਕਿਸੇ ਮੁਸਲਮਾਨ ਨੂੰ ਜ਼ਬਰਦਸਤੀ ਸਿੱਖ ਨਹੀਂ ਬਣਾਇਆ, ਸਗੋਂ ੫੦੦੦ ਦੇ ਕਰੀਬ ਮੁਸਲਮਾਨ ਉਸ ਦੀ ਫ਼ੌਜ ਵਿਚ ਸਨ। ਉਨ੍ਹਾਂ ਨੂੰ ਆਪਣੇ ਧਰਮ ਦੀਆਂ ਸਭ ਰੀਤੀਆਂ ਕਰਨ ਦੀ ਖੁਲ੍ਹ ਸੀ। ਜਿਸ ਕਰੜੇ ਇਮਤਿਹਾਨ ਵਿਚ-ਦੀ ਸਿੱਖਾਂ ਨੂੰ ਲੰਘਣਾ ਪਿਆ ਹੈ, ਜੇ ਏਨੇ ਭੜੇ ਤੇ ਸਖ਼ਤ ਇਮਤਿਹਾਨ ਮੁਸਲਮਾਨਾਂ ਨੂੰ ਦੇਣੇ ਪੈਂਦੇ ਤਾਂ ਸ਼ਾਇਦ ਹਿੰਦੁਸਤਾਨ ਦਾ ਇਤਿਹਾਸ ਹੀ ਕੁਝ ਹੋਰ ਹੁੰਦਾ। ਬੰਦਾ ਸਿੰਘ ਨਾਲ ਮੁਸਲਮਾਨਾਂ, ਹਿੰਦੂਆਂ, ਅੰਗਰੇਜ਼ਾਂ ਤੇ ਬਹੁਤ ਸਾਰੇ ਸਿੱਖ ਲਿਖਾਰੀਆਂ ਮੂਲੋਂ ਹੀ ਕੋਈ ਇਨਸਾਫ਼ ਨਹੀਂ ਕੀਤਾ। ਉਸ ਦੇ ਕਾਰਨਾਮੇ ਅੱਜ ਵੀ ਬੇਪਰਵਾਹੀ, ਲਾਇਲਮੀ, "ਚਲੋ ਸਾਨੂੰ ਕੀ" ਅਤੇ ਤੁਅਸਬ ਦੀਆਂ ਬੇਓੜਕ ਤਹਿਆਂ ਥੱਲੇ ਦੱਬੇ ਪਏ ਹਨ।



www.AKJ.Org

ਤਿਉ ਤਿਉ ਸੈਲ ਕਰਹਿ, ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥

ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ, ਸੋ ਮੀਤੁ ਹਮਾਰਾ ॥੩॥੨॥ (ਰਾਗੁ ਗਉੜੀ)

ਅੱਜ ਸਮੁੱਚਾ ਵਿਸ਼ਵ ਅਜਿਹੇ ਸਮਾਜ ਨੂੰ ਕਾਇਮ ਕਰਨ ਦਾ ਚਾਹਵਾਨ ਹੈ, ਜਿਸ ਦਾ ਨਕਸ਼ਾ ਭਗਤ ਜੀ ਨੇ ਉਪਰਲੇ ਸ਼ਬਦ ਵਿਚ ਖਿੱਚਿਆ ਹੈ। ਅਜਿਹੇ ਸਮਾਜ ਦੀ ਝਲਕ ਕਾਫ਼ੀ ਸਮਾਂ ਪਹਿਲਾਂ ਉਹਨਾਂ ਆਪਣੀ ਰਚਨਾ ਵਿਚ ਵਿਖਾ ਦਿੱਤੀ ਸੀ। ਭਗਤ ਜੀ ਕਿਸ ਤਰ੍ਹਾਂ ਦਾ ਰਾਜ ਚਾਹੁੰਦੇ ਸਨ—

"ਜਿੱਥੇ ਲੋਕਾਂ ਦੇ ਦੁੱਖਾਂ ਤੇ ਔਕੜਾਂ ਦਾ ਅਨੁਮਾਨ ਪਹਿਲਾਂ ਹੀ ਕਰ ਕੇ ਉਹਨਾਂ ਨੂੰ ਦੂਰ ਕਰਨ ਦਾ ਦਿਲੀ ਯਤਨ ਕੀਤਾ ਜਾਵੇ। ਜਿੱਥੇ ਜਬਰੀ ਤੇ ਨਜਾਇਜ਼ ਟੈਕਸ ਜਨ-ਸਾਧਾਰਨ ਦੀ ਕਮਰ ਨਾ ਤੋੜਨ। ਜਿੱਥੇ ਅਮਨ ਤੇ ਚੈਨ ਭੰਗ ਹੋਣ ਦਾ ਡਰ ਨਾ ਹੋਵੇ। ਜਿਥੋਂ ਦਾ ਹਰ ਸ਼ਹਿਰੀ ਸੁਰੱਖਿਅਤ ਹੋਵੇ, ਅੰਦਰਲੇ ਭਾਰਾਂ ਤੋਂ ਵੀ ਤੇ ਬਾਹਰਲੀਆਂ ਮਾਰਾਂ ਤੋਂ ਵੀ। ਅਮਨ, ਚੈਨ, ਦੋਸਤੀ ਤੇ ਸਦਭਾਵਨਾ ਜਿਥੋਂ ਦੇ ਨਾਅਰੇ ਹੋਣ ਤੇ ਜਿਥੋਂ ਦਾ ਹਰ ਸ਼ਹਿਰੀ ਇਕ ਵਿਸ਼ੇਸ਼ ਪੱਧਰ ਤੇ ਸਹੂਲਤਾਂ ਪ੍ਰਾਪਤ ਕਰ ਸਕੇ। ਜਿੱਥੇ ਜਨਮ, ਜਾਤ, ਕਲਚਰ ਤੇ ਪ੍ਰਾਂਤ ਅਥਵਾ ਆਰਥਕ ਊਚ-ਨੀਚ ਦਾ ਵਿਤਕਰਾ ਨਾ ਹੋਵੇ। ਜਿੱਥੇ ਕਿਸੇ ਵਰਗ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਿਆ ਜਾਵੇ। ਜਿੱਥੇ ਕਿਸੇ ਫ਼ਿਰਕੇ ਤੇ ਕੌਮ ਦੀ ਸਭਿਅਤਾ ਨੂੰ ਜਾਣ-ਬੁੱਝ ਕੇ ਤਬਾਹ ਕਰਨ ਦੀਆਂ ਕੋਝੀਆਂ ਸਾਜਿਸ਼ਾਂ ਨਾ ਹੋਣ। ਜਿਥੇ ਬੇਲੋੜੇ ਰਾਜ-ਪਲਟੇ ਨਾ ਹੋਣ, ਸਗੋਂ ਜਨਤਾ ਸੁਖੀ ਵਸੇ। ਜਿਥੇ ਨਿਰਦੋਸ਼ ਲੋਕਾਂ ਦੇ ਕਤਲ ਨਾ ਹੋਣ ਤੇ ਨਾ ਝੂਠੇ ਮੁਕਾਬਲੇ ਵਿਖਾ ਕੇ ਕਿਸੇ ਕੌਮ ਦੀ ਜਵਾਨੀ ਤਬਾਹ ਕੀਤੀ ਜਾਵੇ। ਅਜਿਹੇ ਮਾਨਵਵਾਦੀ ਰਾਜ ਸੰਸਾਰ ਵਿਚ ਜਿਥੇ-ਜਿਥੇ ਵੀ ਹੋਣ, ਮਨੁੱਖਤਾ ਦੇ ਨਾਤੇ ਉਥੋਂ ਦੇ ਸਭ ਮਨੁੱਖ ਬਰਾਬਰ ਹੋਣ। ਘੱਟ-ਗਿਣਤੀ ਦੇ ਲੋਕਾਂ ਦੇ ਅਧਿਕਾਰ ਸੁਰੱਖਿਅਤ ਹੋਣ। ਘੱਟ-ਗਿਣਤੀਆਂ ਨੂੰ ਵਿਸ਼ਵਾਸ ਵਿਚ ਲੈ ਕੇ ਉਹਨਾਂ ਨੂੰ ਸਵੈਮਾਨ ਨਾਲ ਜੀਊਣ ਦਿੱਤਾ ਜਾਵੇ।"

ਅਜਿਹਾ ਸੰਕਲਪ ਸੀ ਭਗਤ ਰਵਿਦਾਸ ਜੀ ਦੇ ਮਨ ਵਿਚ।

ਭਗਤ ਜੀ ਜੀਵਨ ਦੇ ਉਹਨਾਂ ਸ਼ਾਹ-ਸਵਾਰਾਂ ਵਿਚੋਂ ਸਨ, ਜਿਹਨਾਂ ਨੇ ਸਮਾਜਕ ਟੋਏ-ਟਿੱਬੇ ਇਕਸਾਰ ਕਰ ਕੇ ਮਨੁੱਖੀ-ਸਫ਼ਰ ਲਈ ਰਾਹ ਪੱਧਰਾ ਕਰਨਾ ਹੁੰਦਾ ਹੈ। ਭਗਤ ਜੀ ਦੇ ਮਨ ਵਿਚ ਜਿਸ ਖ਼ੁਸ਼ਹਾਲ ਸਮਾਜ ਨੂੰ ਸਿਰਜਣ ਦੀ ਕਲਪਣਾ ਸੀ, ਉਹ ਸਮਾਜ ਦੀਆਂ ਠੋਸ ਹਕੀਕਤਾਂ ਨੂੰ ਪ੍ਰਗਟਾਉਂਦਾ ਹੈ। ਉਹ ਜ਼ੁਲਮ-ਰਹਿਤ, ਪਾਪ-ਰਹਿਤ, ਲੁੱਟ-ਖਸੁਟ ਰਹਿਤ, ਊਚ-ਨੀਚ ਰਹਿਤ ਸਮਾਜ ਦਾ ਮੁੱਢ ਬੰਨ੍ਹਣ ਦਾ ਸੱਦਾ ਦੇਂਦਾ ਹੈ। ਇਹ ਬਹੁਤ ਅਗਾਂਹ-ਵਧੂ ਤੇ ਇਨਕਲਾਬੀ ਸੰਕਲਪ ਸੀ।

ਭਗਤ ਰਵਿਦਾਸ ਜੀ ਨੇ ਜਨਮ, ਜਾਤ, ਧਰਮ, ਮਜ਼੍ਹਬ ਤੇ ਫਿਰਕੇਦਾਰੀ ਦੀਆਂ ਖੜੀਆਂ ਕੀਤੀਆਂ ਕੰਧਾਂ ਨੂੰ ਅਧਿਆਤਮਕ ਹਥੌੜੇ ਨਾਲ ਤੋੜਨ ਦਾ ਯਤਨ ਕੀਤਾ। ਇਹਨਾਂ ਹੀ ਕੰਧਾਂ ਕਰਕੇ ਦੇਸ਼ ਕਮਜ਼ੋਰ ਹੋ ਰਿਹਾ ਸੀ, ਅਮੀਰੀ ਤੇ ਗਰੀਬੀ ਵਿਚ ਵੰਡਿਆ ਜਾ ਰਿਹਾ ਸੀ। ਸੁੱਚੀ ਕਿਰਤ ਦੀ ਕੀਮਤ ਨਹੀਂ ਸੀ ਪੈ ਰਹੀ। ਹਉਮੈ ਤੇ ਹੰਕਾਰ ਨਾਲ ਮਨਮਰਜ਼ੀ ਕੀਤੀ ਜਾ ਰਹੀ ਸੀ। ਭਗਤ ਜੀ ਨੇ ਅਨੁਭਵ ਕੀਤਾ ਕਿ ਜਦੋਂ ਤੱਕ ਦੇਸ਼-ਵਾਸੀਆਂ ਵਿਚ ਏਕਤਾ ਤੇ ਇਕਸੁਰਤਾ ਕਾਇਮ ਨਹੀਂ ਹੁੰਦੀ, ਉਦੋਂ ਤੱਕ ਦੇਸ਼ ਦਾ ਕਲਿਆਣ ਨਹੀਂ ਹੋ ਸਕਦਾ।

ਭਗਤ ਜੀ ਨੇ ਦਸਾਂ ਨਹੁੰਆਂ ਦੀ ਕਮਾਈ ਕਰ ਕੇ, ਉਪਜੀਵਕਾ ਕਮਾਈ ਤੇ ਭਗਤੀ ਤੇ ਕਿਰਤ ਨੂੰ ਸਾਂਝਿਆਂ ਕਰ ਕੇ ਸਾਬਤ ਕਰ ਦਿੱਤਾ ਕਿ "ਹੱਥ ਕਾਰ ਵੱਲ ਚਿੱਤ ਕਰਤਾਰ ਵੱਲ" ਹੋ ਸਕਦਾ ਹੈ। ਇਸ ਤੋਂ ਪਹਿਲਾਂ ਇਹ ਸਿਧਾਂਤ ਪ੍ਰਚਲਤ ਸੀ ਕਿ ਭਗਤੀ ਕਰਨ ਵਾਲੇ ਲੋਕਾਂ ਨੂੰ ਕਿਰਤ ਕਰਨ ਦੀ ਲੋੜ ਨਹੀਂ, ਸਗੋਂ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਫ਼ਿਕਰ ਕਿਰਤੀਆਂ ਨੂੰ ਕਰਨਾ ਹੁੰਦਾ ਸੀ। ਪਰ ਭਗਤ ਜੀ ਦਾ ਵਿਸ਼ਵਾਸ ਸੀ ਕਿ ਵਿਹਲੜ ਮਨੁੱਖ ਜਿਥੇ ਸਮਾਜ ਤੇ ਭਾਰੂ ਹੁੰਦਾ ਹੈ ਉਥੇ ਉਹ ਸਵੈਮਾਣ ਤੇ ਸਵੈ-ਕਲਿਆਣ ਦੇ ਸਾਰੇ ਤੱਤ ਵੀ ਗੁਆ ਬੈਠਦਾ ਹੈ। ਉਹਨਾਂ ਦੀ ਜੀਵਨੀ ਤੇ ਬਾਣੀ ਨੂੰ ਵਾਚਿਆਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਆਤਮਕ ਵਿਕਾਸ ਦੇ ਰਾਹ ਵਿਚ ਅਖੌਤੀ ਨੀਵੀਂ ਜਾਤ ਬਾਧਕ ਨਹੀਂ ਹੁੰਦੀ।


www.AKJ.Org

ਭਗਤੀ ਲਹਿਰ ਦੀ ਨਿਰਗੁਣ ਧਾਰਾ ਦੇ ਸਰਵੋਤਮ ਭਗਤਾਂ ਵਿਚੋਂ ਭਗਤ ਰਵਿਦਾਸ ਜੀ ਦੀ ਉੱਤਮ ਬਾਣੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੋਲ੍ਹਾਂ ਰਾਗਾਂ ਵਿਚ ਅੰਕਿਤ ਕੀਤਾ ਹੈ। ਗਿਣਤੀ ਵਿਚ ਇਹ ਸ਼ਬਦ ਜਾਂ ਪਦੇ ਚਾਲ੍ਹੀ ਹਨ। ਵੇਰਵਾ ਇਸ ਪ੍ਰਕਾਰ ਹੈ—

ਸਿਰੀ ਰਾਗ (ਇਕ) ਰਾਗ ਗਉੜੀ (ਪੰਜ), ਆਸਾ (ਛੇ), ਗੂਜਰੀ (ਇੱਕ), ਸੋਰਠਿ (ਸੱਤ), ਧਨਾਸਰੀ (ਤਿੰਨ), ਜੈਤਸਰੀ (ਇੱਕ), ਰਾਗ ਸੂਹੀ (ਤਿੰਨ), ਬਿਲਾਵਲ (ਦੋ), ਰਾਗੁ ਗੋਂਡ (ਦੋ), ਰਾਮਕਲੀ (ਇੱਕ), ਰਾਗੁ ਮਾਰੂ (ਦੋ), ਰਾਗੁ ਕੇਦਾਰਾ (ਇੱਕ), ਭੈਰਉ (ਇੱਕ), ਬਸੰਤੁ (ਇੱਕ), ਮਲਾਰੁ (ਤਿੰਨ)—ਕੁਲ ੪੦।

ਆਪਣੀ ਬਾਣੀ ਰਾਹੀਂ ਭਗਤ ਜੀ ਨੇ ਸਰਬੱਤ ਦਾ ਭਲਾ, ਸਿਮਰਨ, ਸੇਵਾ, ਸਤਿ ਤੇ ਸੰਤੋਖ ਵਰਗੇ ਉਚ-ਆਦਰਸ਼ਾਂ ਦਾ ਪ੍ਰਚਾਰ ਕੀਤਾ ਹੈ। ਹਰੀ ਨਾਲ ਮਨੁੱਖ ਦੀ ਪ੍ਰੀਤ ਦਾ ਵਰਨਣ ਇਉਂ ਕਰਦੇ ਹਨ—

ਮਾਧਵੇ ਤੁਮ ਨਾ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ਰਹਾਉ॥੫॥ (ਪੰਨਾ ੬੫੮)

ਸਰੀਰ ਦੀ ਤੁਛਤਾ ਅਤੇ ਨਾਸ਼ਮਾਨਤਾ ਦਸ ਕੇ ਮਨੁਖ ਨੂੰ ਖ਼ੁਦਗਰਜ਼ੀਆਂ ਤੇ ਆਪੋ-ਧਾਪੀ ਵਿਚ ਪੈ ਕੇ ਮਾਇਆ ਦੇ ਚਕਰ ਵਿਚ ਫਸਣ ਤੋਂ ਵਰਜਿਆ ਹੈ—

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ਰਹਾਉ॥੬॥ (ਪੰਨਾ ੬੫੯)

ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਮਨੁੱਖ ਨੂੰ ਭਟਕਾਉਂਦੇ ਹਨ ਤੇ ਉਨ੍ਹਾਂ ਦਾ ਫਲ ਭੋਗਣਾ ਪੈਂਦਾ ਹੈ, ਭਗਤ ਜੀ ਦਾ ਕਥਨ ਹੈ— ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥(ਪੰਨਾ ੭੧੦)
ਇਸ ਭਟਕਣ ਤੋਂ ਬਚਣ ਦਾ ਤਰੀਕਾ ਹਉਮੈ, ਹੰਕਾਰ ਦਾ ਤਿਆਗ ਤੇ ਪ੍ਰਭੂ ਦੀ ਬੰਦਗੀ ਕਰਨਾ ਹੈ—

ਕਰਿ ਬੰਦਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮਾਰਿ ਸਵੇਰਾ ॥੨॥੨॥ (ਪੰਨਾ ੭੯੪)

ਭਗਤ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਸਭ ਦਾ ਸਾਂਝਾ ਬਾਪ ਹੈ ਤੇ ਉਸ ਦੀ ਕਿਰਪਾ-ਦ੍ਰਿਸ਼ਟੀ ਨਾਲ ਨੀਚ ਵੀ ਊਚ ਹੋ ਜਾਂਦੇ ਹਨ—ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥੧॥ (੧੧੦੬)

ਐਸੇ ਸਿਰਮੌਰ ਭਗਤ ਰਵਿਦਾਸ ਜੀ ਦਾ ਜਨਮ ਕਾਂਸ਼ੀ ਵਿਚ ਪਿਤਾ ਰਾਘੂ ਤੇ ਮਾਤਾ ਧੁਰਬਿਨੀਆ ਦੇ ਘਰ ਹੋਇਆ। ਆਪ ਰਾਮਾਨੰਦ ਜੀ ਦੇ ਚੇਲੇ ਤੇ ਕਬੀਰ ਜੀ ਦੇ ਸਮਕਾਲੀ ਸਨ। ਸ੍ਰੀ ਊਧਵ ਦਾਸ, ਰਾਣੀ ਝਾਲਾ ਤੇ ਮੀਰਾਂਬਾਈ ਨੂੰ ਆਪ ਦੇ ਸੇਵਕ ਮੰਨਿਆ ਜਾਂਦਾ ਹੈ।

ਅੱਜ ਦੇ ਸਮੇਂ ਦੀ ਲੋੜ ਹੈ ਕਿ ਭਗਤ ਜੀ ਦੇ ਉਪਦੇਸ਼ਾਂ ਉਤੇ ਅਮਲ ਕਰਕੇ ਵਿਤਕਰੇ ਤੇ ਮਤਭੇਦ ਛੱਡ ਕੇ ਮਾਨਵਤਾ ਦੇ ਨਾਤੇ ਸਰਬ-ਸਾਂਝੇ ਸਮਾਜ ਦੀ ਉਸਾਰੀ ਕੀਤੀ ਜਾਵੇ।

# ਭਾ: ਸਾ: ਭਾਈ ਰਣਧੀਰ ਸਿੰਘ ਕੀਰਤਨ ਉਤਸ਼ਾਹਤ ਸਕੀਮ

ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਸਮੇਂ ਉਪ੍ਰੋਕਤ ਸਕੀਮ ਅਧੀਨ ਪ੍ਰੀਖਿਆ ਹੁੰਦੀ ਹੈ, ਜਿਸ ਵਿਚ ੨੦ ਸਾਲ ਜਾਂ ਇਸ ਤੋਂ ਘਟ ਉਮਰ ਦੇ ਪ੍ਰਾਰਥਕ ਹਿੱਸਾ ਲੈ ਸਕਦੇ ਹਨ। ਪ੍ਰੀਖਿਆ ਦੇਣ ਵਾਲਿਆਂ ਦੇ ਆਸਾ ਦੀ ਵਾਰ, ਛੱਕੇ ਛੰਤ ਅਤੇ ਘਟੋ ਘਟ ਇਕ ਸ਼ਬਦ ਹਰ ਛੱਕੇ ਨਾਲ ਮਿਲਦਾ, ਜ਼ਬਾਨੀ ਕੰਠ ਹੋਣੇ ਚਾਹੀਦੇ ਹਨ। ਹਰ ਸਾਲ ਨਵੇਂ ਪ੍ਰਾਰਥਕ ਹੀ ਹਿੱਸਾ ਲੈ ਸਕਦੇ ਹਨ।

ਪ੍ਰਾਰਥਕ ਦੀਆਂ ਦਰਖ਼ਾਸਤਾਂ ੩੧ ਮਾਰਚ ੧੯੯੨ ਤਕ ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ ਦੇ ਪਤੇ ਤੇ ਪੁਜ ਜਾਣ। ਦਰਖ਼ਾਸਤਾਂ ਵਾਸਤੇ ਫ਼ਾਰਮ ਸਮੇਂ ਸਿਰ ਲੁਧਿਆਣੇ ਦੇ ਉਕਤ ਪਤੇ ਤੋਂ ਮੰਗਾਏ ਜਾਣ। ਪ੍ਰੀਖਿਆ ੧੨ ਅਪ੍ਰੈਲ ੩ ਵਜੇ ਸ਼ਾਮ ਸ੍ਰੀ ਅੰਮ੍ਰਿਤਸਰ ਹੋਵੇਗੀ। ਥਾਂ ਦਾ ਵੇਰਵਾ ੩੧ ਮਾਰਚ ਤਕ ਦਰਖ਼ਾਸਤਾਂ ਪੁਜਣ ਤੋਂ ਬਾਅਦ ਸੂਚਤ ਕੀਤਾ ਜਾਵੇਗਾ।


www.AKJ.Org

# ਤੀਰਥ ਉਦਮੁ ਸਤਿਗੁਰੂ ਕੀਆ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਆਮ ਪੁਰਾਣਾ ਵਿਸ਼ਵਾਸ ਚਲਿਆ ਆਉਂਦਾ ਹੈ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਬੜਾ ਪੁੰਨ ਹੁੰਦਾ ਹੈ। ਇਸ ਨਾਲ ਮਨ ਦੀ ਨਿਰਮਲਤਾ ਹੋ ਜਾਂਦੀ ਹੈ। ਗੁਰਮਤਿ ਦੀ ਵੀਚਾਰ-ਧਾਰਾ ਇਹ ਹੈ ਕਿ ਮਨ ਦੀ ਨਿਰਮਲਤਾ ਕੇਵਲ ਨਾਮ ਜਪਣ ਨਾਲ ਹੁੰਦੀ ਹੈ ਤੇ ਨਾਮ ਹੀ ਸਭ ਤੋਂ ਸਿਰਮੌਰ ਤੀਰਥ ਹੈ। ਜਾਂ ਫਿਰ ਨਾਮ ਜਪਣ ਵਾਲੇ ਗੁਰਮੁਖ ਮਨੁੱਖ, ਚਲਦੇ ਫਿਰਦੇ ਤੀਰਥ ਹਨ, ਜਿਨ੍ਹਾਂ ਦੇ ਚਰਨਾਂ ਦੀ ਛੁਹ ਪ੍ਰਾਪਤ ਕਰਨ ਨਾਲ ਆਮ ਅਸਥਾਨ ਵੀ ਤੀਰਥ ਬਣ ਜਾਂਦੇ ਹਨ।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ (ਧਨਾਸਰੀ ਮ: ੧ ਛੰਤ, ਪੰਨਾ ੬੮੭)

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ; ਜਨ ਕੇ ਚਰਨ ਤੀਰਥ ਕੋਟਿ ਗੰਗਾ ॥੨॥੪॥੧੨੦॥ (ਬਿਲਾਵਲੁ ਮ: ੫, ਪੰਨਾ ੮੨੮)

ਇਤਿਹਾਸ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਤੀਰਥਾਂ ਤੇ ਜਾਣ ਦਾ ਪ੍ਰੋਗਰਾਮ ਬਣਾਇਆ, ਪਰ ਇਸ ਫੇਰੀ ਦਾ ਮੰਤਵ ਤੀਰਥਾਂ ਦੀ ਯਾਤਰਾ ਕਰਨੀ ਨਹੀਂ ਸੀ, ਸਗੋਂ ਤੀਰਥਾਂ ਤੇ ਇਕੱਤਰ ਹੋਏ ਲੋਕਾਂ ਨੂੰ ਗੁਰਮਤਿ-ਸੰਦੇਸ਼ ਦੇਣਾ ਸੀ। ਤੇ ਇਸ ਲਿਹਾਜ਼ ਨਾਲ ਗੁਰੂ ਪਾਤਸ਼ਾਹ ਜੀ ਦੀ ਇਹ ਪਰਚਾਰ-ਫੇਰੀ ਹੀ ਸੀ। ਇਸ ਪਰਚਾਰ-ਫੇਰੀ ਦਾ ਵਰਨਣ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਤੁਖਾਰੀ ਦੇ ਛੰਤਾਂ ਵਿਚ ਕੀਤਾ ਹੈ। ਇਸ ਪਰਚਾਰ-ਫੇਰੀ ਵਿਚ ਗੁਰੂ ਜੀ ਨਾਲ ਗੁਰਸਿੱਖਾਂ ਦੀ ਵਹੀਰ ਵੀ ਸੀ। ਨਿਤਾਪ੍ਰਤੀ ਸਤਸੰਗ ਹੁੰਦਾ, ਜਿਸ ਦੀ ਬਰਕਤ ਨਾਲ ਗੁਰੂ ਕੀ ਪਰਤੱਖ ਕਲਾ ਦੇ ਕ੍ਰਿਸ਼ਮੇ ਜ਼ਹੂਰ-ਪਜ਼ੀਰ ਹੋਏ। ਲੋਕਾਂ ਨੂੰ ਗਿਆਨ-ਚਾਨਣਾ ਮਿਲਿਆ, ਜਿਸ ਦੁਆਰਾ ਉਹਨਾਂ ਦਾ ਜੀਵਨ ਸਫਲ ਹੋਇਆ। ਧਰਮਾਂ ਦੇ ਅਚਾਰੀ, ਜੋਗੀ, ਸੰਨਿਆਸੀ, ਦਿਗੰਬਰ, ਮੁਨੀ ਲੋਕ ਗੋਸ਼ਟ ਕਰਨ ਲਈ ਆਏ। ਸਾਰਿਆਂ ਦੀ ਤਸੱਲੀ ਹੋਈ ਕਿ ਭਵ-ਸਾਗਰ ਤੋਂ ਪਾਰ-ਉਤਾਰੇ ਲਈ ਸਤਿਗੁਰੂ ਜੀ ਦਾ ਦਰਸਾਇਆ ਮਾਰਗ ਹੀ ਗਾਡੀ-ਰਾਹ ਹੈ। ਸਾਰੇ ਗੁਰਦੀਖਿਅਤ ਹੋ ਕੇ ਗੁਰੂ ਗੁਰੂ ਜਪਣ ਵਿਚ ਜੁਟ ਪਏ। ਗੁਰੂ-ਜਸ ਕਰਨ ਦੀ ਬਰਕਤ ਨਾਲ ਲੋਕੀਂ ਇਸ ਲੋਕ ਦੇ ਮਸੂਲੀਆਂ ਤੋਂ ਵੀ ਬਚ ਗਏ ਤੇ ਪ੍ਰਲੋਕ ਵਿਚ ਜਮ-ਮਸੂਲੀਏ ਦੇ ਡੰਡ ਤੋਂ ਬਚਣ ਦਾ ਬਾਨ੍ਹਣੂ ਵੀ ਬਝ ਗਿਆ।

ਸਭ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ (੧੧੧੬)

ਗੁਰਮਤਿ ਦ੍ਰਿੜ੍ਹ ਕਰਾਉਣ ਦਾ ਤੇ ਤੀਰਥਾਂ ਤੇ ਜਾਣ ਦੇ ਪ੍ਰਯੋਜਨ ਦਾ ਇਹ ਸਾਰਾ ਪਰਸੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੇ ਅਨੁਸਾਰ ਉਜਾਗਰ ਹੈ—

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥ **ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥** ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥ ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥ ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥ ਜੋਗੀ



www.AKJ.Org

ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥ ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥ ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥ ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥ ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਿਕਾ ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀ ਰਾਮਿ ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥੬॥੪॥੧੦॥

ਤੁਖਾਰੀ ਮਹਲਾ ੪, ਪੰਨਾ ੧੧੧੬-੧੭

---

# ਨੋਟ ਕਰੋ ਜੀ !

੧. ਪ੍ਰਦੇਸੀ ਵੀਰਾਂ ਪਾਸ ਬੇਨਤੀ ਹੈ ਕਿ ਸੂਰਾ ਨੂੰ ਭੇਜਣ ਵਾਲੇ ਡਰਾਫਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ, ਭਾਵ ਰੁਪਿਆਂ ਵਿਚ ਹੀ ਭੇਜੋ, ਕਿਉਂਕਿ ਪ੍ਰਦੇਸ ਕਰੰਸੀ ਨੂੰ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ ਜਿਹਾ ਕਿ ੫੦ ਡਾਲਰ/੨੫ ਪੌਂਡ ਪ੍ਰਤੀ ਡਰਾਫਟ ਕਰਦੇ ਹਨ।

੨. ਜਨਵਰੀ ਦਾ ਪਰਚਾ ਜਿਨ੍ਹਾਂ ਪਾਠਕਾਂ ਨੂੰ ਨਹੀਂ ਮਿਲਿਆ, ਉਹ ਕਾਰਡ ਲਿਖ ਕੇ ਦੁਬਾਰਾ ਮੰਗਵਾ ਲੈਣ ਜੀ।

੩. ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀਆਂ ਰਕਮਾਂ ਅਖੰਡ ਕੀਰਤਨੀ ਜਥੇ ਦੇ ਨਾਮ ਹੀ ਭਜੀਆਂ ਜਾਣ।

੪. ਆਪਣੇ ਪਰਚੇ ਦਾ ਚਿੱਟ ਨੰਬਰ ਯਾਦ ਕਰੋ ਜਾਂ ਆਪਣੇ ਪਾਸ ਨੋਟ ਕਰਕੇ ਰਖੋ ਜੀ। ਚੰਦਾ ਜਮ੍ਹਾ ਕਰਾਉਣ ਵੇਲੇ ਚਿੱਟ ਨੰਬਰ ਜ਼ਰੂਰ ਲਿਖਵਾਉ, ਨਹੀਂ ਤਾਂ ਆਪ ਜੀ ਦਾ ਚੰਦਾ ਗ਼ਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।

# ਰਿਸ਼ਤੇ ਨਾਤੇ

ਫਾਰਮ ਨੰ: ੪੨੨ —੨੪ ਸਾਲਾ ਬੀ. ਕਾਮ ਪਾਸ ਸਿੰਘ, ਕੱਦ ੫'-੬", ਪ੍ਰਾਈਵੇਟ ਕੰਪਨੀ ਵਿਚ ਨੌਕਰੀ, ਤਨਖਾਹ ੩੨੦੦ ਰੁਪਏ ਲਈ ਪੜ੍ਹੀ ਲਿਖੀ ਬੀਬੀ ਦੀ ਲੋੜ।

ਫਾਰਮ ਨੰ. ੪੨੩ —੨੩ ਸਾਲਾ ਐਮ.ਏ. ਪੰਜਾਬੀ ਪਾਸ ਬੀਬੀ, ਕੱਦ ੫'-੪", ਲਈ ਯੋਗ ਵਰ ਦੀ ਲੋੜ।

ਫਾਰਮ ਨੰ: ੪੨੪ —੨੩ ਸਾਲਾ ਬੀ. ਏ. ਪਾਸ ਬੀਬੀ, ਕੱਦ ੫' —੪", ਲਈ ਯੋਗ ਵਰ ਦੀ ਲੋੜ।

ਫਾਰਮ ਨੰ: ੪੨੫ —੨੬ ਸਾਲਾ ਮੈਟਰਿਕ ਪਾਸ ਬੀਬੀ, ਕੱਦ ੫' —੪", ਦੁਹਾਜੂ ਲਈ ਚੰਗੇ ਕਾਰੋਬਾਰੀ ਵਰ ਦੀ ਲੋੜ।

ਫਾਰਮ ਨੰ: ੪੨੬ —ਸਾਢੇ ੨੬ ਸਾਲਾ ਐਮ. ਐਮ. ਸੀ. ਅਤੇ ਐਮ. ਸੀ. ਏ. ਸਿੰਘ, ਕੱਦ ੫' —੮" ਕੰਪਿਊਟਰ ਪ੍ਰੋਫੈਸ਼ਨ ਲਈ ਵਿਦੇਸ਼ੀ ਜਾਂ ਚੰਗੀ ਸਰਵਿਸ ਵਾਲੀ (ਲੈਕਚਰਾਰ) ਬੀਬੀ ਦੇ ਰਿਸ਼ਤੇ ਦੀ ਲੋੜ।

ਫਾਰਮ ਨੰ: ੪੨੭ —੨੫ ਸਾਲਾ, ੧੦+੨ ਪਾਸ, ਤਲਾਕ ਸ਼ੁਦਾ ਬੀਬੀ, ਕੱਦ ੫' —੩" ਲਈ ਵਰ ਦੀ ਲੋੜ ਹੈ।

ਫਾਰਮ ਨੰ: ੪੨੮ —੨੫ ਸਾਲਾ ਦਸਵੀਂ, ਆਈ.ਟੀ.ਆਈ. ਪਾਸ, ਸਿੰਘ ਕਾਰਪੈਂਟਰ, ਸਰਕਾਰੀ ਸਰਵਿਸ, ਮਾਸਕ ੨੦੦੦ ਰੁਪਏ ਲਈ ਯੋਗ ਬੀਬੀ ਦੀ ਲੋੜ।

ਫਾਰਮ ਨੰ: ੪੨੯ —ਸਾਢੇ ੨੮ ਸਾਲਾ ਦਸਵੀਂ, ਆਈ. ਟੀ. ਆਈ. ਪਾਸ ਬੀਬੀ, ਕੱਦ ੫ ਫੁਟ, ਤਲਾਕ-ਸ਼ੁਦਾ ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੪੩੦ —੨੬ ਸਾਲਾ ਬੀਬੀ, ਕੱਦ ੫' — ੩", ਬੀ.ਏ. (*I*) ਪਾਸ, ਕੰਪਿਊਟਰ ਓਪਰੇਟਰ, ਟਾਈਪਿਸਟ, ਹਰਿਆਣਾ ਵਿਚ ਸਰਵਿਸ, ਮਾਸਕ ੧੦੦੦ ਮਿਲੂ, ਲਈ ਗੁਰਮੁਖ ਵਰ ਦੀ ਲੋੜ।

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਮਹਾਇਤਾ

| | | | |
|---|---|---|---|
| ਸ: ਪ੍ਰਦੁੰਮਨ ਸਿੰਘ ਜਲੰਧਰ 'ਗੋਲਕ ਫੰਡ' | ੨੦੦-੦੦ | ਗੁਪਤ ਸੇਵਾ | ੨੦੦-੦੦ |
| ਅਖੰਡ ਕੀਰਤਨੀ ਜਥਾ ਨਾਰਵੇ | ੯੬੮-੦੦ | ਸ: ਅਵਤਾਰ ਸਿੰਘ ਲੁਧਿਆਣਾ | ੧੦੦-੦੦ |
| ਗੁਪਤ ਸੇਵਾ | ੨੫੦-੦੦ | ਸ: ਮੋਹਨ ਸਿੰਘ ਬੁਲ੍ਹੋਵਾਲ | ੧੦੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੧-੦੦ | ਸ: ਹਰਮੀਤ ਸਿੰਘ ਲੁਧਿਆਣਾ | ੧੦੦-੦੦ |
| *Ex. J.W.O.* ਤੇਜਿੰਦਰ ਸਿੰਘ ਬੱਗਾ ਹਲਵਾੜਾ | ੧੦੦-੦੦ | ਗੁਪਤ ਸੇਵਾ ੨੦੦-੦੦ ਗੁਪਤ ਸੇਵਾ | ੫੦੦-੦੦ |
| ਬੀਬੀ ਸੁਰਿੰਦਰ ਕੌਰ ਚੈਥਮ ਯੂ. ਕੇ. | ੪੪੫੦-੦੦ | ਸ: ਜਸਬੀਰ ਸਿੰਘ ਜਗਰਾਉਂ | ੫੦-੦੦ |
| ਸ: ਜਸਮੇਲ ਸਿੰਘ ਸਲੋਅ ,, | ੯੪੦੭-੦੦ | ਸ: ਜਗਰਾਜ ਸਿੰਘ ਬਿਲਗਾ | ੫੦੦-੦੦ |
| ਸ: ਸੋਹਨ ਸਿੰਘ ਵਾਲ ਸਾਲ ,, | ੮੦੦-੦੦ | ਸ: ਅਮਰਜੀਤ ਸਿੰਘ ਬਡਰੁਖਾਂ | ੧੦੦-੦੦ |
| ਸ: ਅਮਰੀਕ ਸਿੰਘ ਸੰਘਾ ਬਰੀ ਕੈਂਟ ਯੂ. ਕੇ. | ੮੦੦-੦੦ | ਸ: ਕੁਲਦੀਪ ਸਿੰਘ ਏਟੀਆਣਾ | ੨੫੦-੦੦ |
| ਸ: ਦਲਜੀਤ ਸਿੰਘ ਗ੍ਰੇਵਜ਼ੈਂਡ ਕੈਂਟ ਯੂ. ਕੇ. | ੨੫੦੦-੦੦ | ਸ: ਦੀਦਾਰ ਸਿੰਘ ਡਾ: ਰਾਜਿੰਦਰ ਸਿੰਘ ਬਰੇਲੀ | ੫੦੦-੦੦ |
| ਸ: ਜਗੀਰ ਸਿੰਘ ਲਿਸਟਰ | ੪੩੨੧-੦੦ | ਪ੍ਰੇਮੀ ਜੀ ਰਾਹੀਂ | ੫੧-੦੦ |
| ਸਾਧ ਸੰਗਤ ਕੋਵੈਂਟਰੀ (ਕੀਰਤਨ ਭੇਟ) | ੧੨੨੩੨-੦੦ | ਸ: ਪਰਮਜੀਤ ਸਿੰਘ ਭੱਟੀ ਹੌਸਟਨ ਯੂ. ਕੇ. | ੧੪੮੩-੦੦ |
| ਸ: ਮਹਿੰਦਰ ਸਿੰਘ ਸਲੋਅ ਯੂ.ਕੇ. | ੨੨੦੦-੦੦ | ਸ: ਜੁਗਿੰਦਰ ਸਿੰਘ ਤਰੀਵੈਂਡਰਮ | ੫੦੦-੦੦ |
| ਸ: ਮਲਕੀਤ ਸਿੰਘ ਸਲੋਅ ,, | ੨੨੦੦-੦੦ | ਸ: ਪਰਵਿੰਦਰ ਸਿੰਘ ਸੰਗਰੂਰ | ੧੦੧-੦੦ |
| ਸ: ਜੋਗਿੰਦਰ ਸਿੰਘ ਲਿਸਟਰ ,, | ੧੩੫੦-੦੦ | ਗੁਪਤ ਸੇਵਾ | ੧੧੦੦-੦੦ |
| ਸਾਧ ਸੰਗਤ ਕੋਵੈਂਟਰੀ ,, | ੭੭੪੦-੦੦ | ਭਾਈ ਜੀਵਨ ਸਿੰਘ ਕੀਰਤਨੀਏ ਅਤੇ ਸੰਗਤ | ੧੫੦੦੦-੦੦ |
| ਭਾਈ ਮਹਿੰਦਰ ਸਿੰਘ ਰੰਧਾਵਾ ਬਰਮਿੰਘਮ ਵਾਲੇ | ੪੫੦-੦੦ | ਬੀ: ਬਲਬੀਰ ਕੌਰ ਅਤੇ ਬੀਬੀਆਂ ਚੈਥਮ ਯੂ.ਕੇ. | ੨੨੭੫-੦੦ |
| ਸ: ਦਰਸ਼ਨ ਸਿੰਘ ਮੂਲੀਆਂ ਵਾਲ | ੫੦-੦੦ | ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ | ੨੨੭੫-੦੦ |
| ਸ: ਤਾਰਾ ਸਿੰਘ ਨਵੀਂ ਦਿਲੀ | ੫੦-੦੦ | ਭਾਈ ਦਿਆਲ ਸਿੰਘ ਮਰਬੇ ਸਾਊਥਾਲ | ੨੩੧੦-੦੦ |
| ਸ: ਜਸਵੰਤ ਸਿੰਘ ਸ੍ਰੀ ਗੰਗਾ ਨਗਰ | ੧੦੦-੦੦ | ਸਾਧ ਸੰਗਤ ਮੇਡਨਹੈਡ ਯੂ. ਕੇ. | ੨੧੦੦-੦੦ |
| ਸ: ਰਣਜੀਤ ਸਿੰਘ ਸਿਧੂ ਲੁਧਿਆਣਾ | ੧੦੦-੦੦ | ਭਾਈ ਜਸਮੇਲ ਸਿੰਘ ਸਲੋਅ ਯੂ. ਕੇ. | ੩੮੯੦-੦੦ |
| ਸ: ਪਰਮਜੀਤ ਸਿੰਘ ਆਦਮਪੁਰ | ੧੦੦੦-੦੦ | ਸਾਧ ਸੰਗਤ ਲੇਟਨ | ੧੨੦੧-੦੦ |
| ਸ: ਸੁਖਦੇਵ ਸਿੰਘ ਗੋਇੰਦਵਾਲ ਸਾਹਿਬ | ੧੦੧-੦੦ | ਸ: ਸਾਧੂ ਸਿੰਘ ਜੋਗੀ ਸਲੋਅ ਯੂ. ਕੇ. | ੮੮੦-੦੦ |
| ਸੂਬੇਦਾਰ ਰਾਮ ਸਿੰਘ ਸਰਾਭਾ | ੩੦੦-੦੦ | ਸ: ਜਸਵੰਤ ਸਿੰਘ ਸਲੋਅ | |
| ਸ: ਮਲਕੀਅਤ ਸਿੰਘ ਸਰਾਭਾ | ੫੦-੦੦ | ਕਾਕੇ ਦੀ ਖੁਸ਼ੀ ਸਮੇਂ ਚੜ੍ਹਾਵਾ ਸਮਾਗਮ | ੪੬੫੦-੦੦ |
| ਕੈਪਟਨ ਗੁਰਮੁਖ ਸਿੰਘ ਸ਼ੰਕਰ (ਜਲੰਧਰ) | ੩੦੧-੦੦ | ਸਾਧ ਸੰਗਤ ਲੇਟਨ | ੩੧੫੦-੦੦ |

## ਪੀੜਤ ਅਤੇ ਸ਼ਹੀਦੀ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਦਵਿੰਦਰ ਕੌਰ ਪਤਨੀ ਹੌਲਦਾਰ ਬਲਵੀਰ ਸਿੰਘ ਚੋਹਲਾ ਸਾਹਿਬ—ਪਤੀ ਜੇਲ੍ਹ, ਕੇਸ ਦੀ ਪੈਰਵੀ ਅਤੇ ਲੋੜਾਂ | ੮੦੦੦-੦੦ |
| ਬੀ: ਬਲਬੀਰ ਕੌਰ ਪਤਨੀ ਸ: ਤੁਮਣ ਸਿੰਘ ਪਿੰਡ ਝੰਗ—ਪਤੀ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਬੀ: ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮਦਰਾਸੀ ਪ੍ਰਵਾਰ ਜਨਵਰੀ | ੧੦੦-੦੦ |

ਨੋਟ :—੬੦,੦੦੦ ਰੁਪਏ ਦੇ ਹੋਰ ਦਿਤੇ ਹੋਏ ਚੈਕ ਕੈਸ਼ ਹੋਣ ਤੇ ਛਾਪੇ ਜਾਣਗੇ।

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਹਰਭਜਨ ਸਿੰਘ ਸਾਊਥਾਲ ਯੂ.ਕੇ. | ੩੪੦-੦੦ | ਸ: ਹਰਬੰਸ ਸਿੰਘ ਸਰੀ (ਕੈਨੇਡਾ) | ੨੦੦-੦੦ |
| ਸ: ਤ੍ਰਿਲੋਚਨ ਸਿੰਘ ਰਾਜਨੰਦ ਗਾਉਂ | ੨੧-੦੦ | *J.W.O.* ਬਲਦੇਵ ਸਿੰਘ 56 *A.P.O.* | ੭੦-੦੦ |
| ਗੁਪਤ ਸੇਵਾ | ੧੦-੦੦ | ਬੀ: ਬਲਜੀਤ ਕੌਰ ਸਲੋਅ ਯੂ. ਕੇ | ੨੦੦-੦੦ |
| ਭਾਈ ਜੋਗਾ ਸਿੰਘ ਐਡਮਨਟਨ ਕੈਨੇਡਾ | ੪੮੩-੦੦ | ਪ੍ਰਵਾਰ ਸ਼ਹੀਦ ਗੁਰਚਰਨਜੀਤ ਸਿੰਘ ਕਾਨਪੁਰ | |
| ਸ: ਕਰਤਾਰ ਸਿੰਘ ਗਰੀਬ ਲੁਧਿਆਣਾ | ੧੧-੦੦ | (ਚੜ੍ਹਾਵਾ ਸਮਾਗਮ) | ੩੦੦-੦੦ |
| ਬੀਬੀ ਮਨਜੀਤ ਕੌਰ ਮੁਹਾਲੀ | ੩੦੦-੦੦ | ਬੀਬੀ ਸੰਤ ਕੌਰ ਲੁਧਿਆਣਾ | ੫੧-੦੦ |
| ਸ: ਅਵਤਾਰ ਸਿੰਘ ਲੁਧਿਆਣਾ (ਬੱਚੀ ਦੇ ਅਨੰਦ ਸਮੇਂ) | ੧੦੭-੭੦ | ਗੁਪਤ ਸੇਵਾ ੪੦-੦੦ ਗੁਪਤ ਸੇਵਾ | ੮੦੦-੦੦ |
| ਸ: ਸੁਰਜੀਤ ਸਿੰਘ ਖਡੂਰ ਸਾਹਿਬ ਮਾਤਾ ਰਣਜੀਤ ਕੌਰ ਦੀ ਯਾਦ ਵਿਚ | | | ੨੫੦-੦੦ |
| *Fl. Lt.* ਮਹਿਮਾ ਸਿੰਘ ਰੋਪੜ—ਪਤਨੀ ਦੇ ਅੰਤਮ ਸਮਾਗਮ ਸਮੇਂ ਚੜ੍ਹਾਵਾ | | | ੩੫੦-੦੦ |
| ਡਾਕਟਰ ਢੀਂਗਰਾ, ਅਜੀਤ ਨਗਰ, ਅੰਮ੍ਰਿਤਸਰ—ਨਵੇਂ ਹਸਪਤਾਲ ਦੇ ਉਦਘਾਟਨ ਸਮੇਂ | | | ੧੫੧-੦੦ |

www.AKJ.Org

## ਪਟਿਆਲਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੨੦.੨.੯੨ ਸਵੇਰੇ ੬ ਤੋਂ ੧੧ ਕੀਰਤਨ ਗੁਰਦੁਆਰਾ ਮੋਤੀ ਬਾਗ, ਸ਼ਾਮ ੬ ਤੋਂ ੮-੩੦ ਗੁ: ਸਿੰਘ ਸਭਾ ਮਾਲ ਰੋਡ। ੨੧.੨.੯੨ ਸਵੇਰੇ ੬ ਤੋਂ ੧੧ ਗੁ: ਨਵੀਨ ਸਿੰਘ ਸਭਾ ਧਰਮ ਪੁਰਾਂ ਰੋਡ, ਸ਼ਾਮ ੬ ਤੋਂ ੮-੩੦ ਗੁਰਦਵਾਰਾ ਦਰਸ਼ਨੀ ਦਰਬਾਰ, ਨਾਮਦਾਰ ਖਾਨ ਰੋਡ, ੨੨.੨.੯੨ ਅੰਮ੍ਰਿਤ ਵੇਲੇ ਤੋਂ ਦੁਪਹਿਰ ਤਕ ਹਜ਼ੂਰੀ ਕੀਰਤਨ ਦੂਖ ਨਿਵਾਰਨ ਸਾਹਿਬ, ਸ਼ਾਮ ੭ ਵਜੇ ਅੰਮ੍ਰਿਤ ਸੰਚਾਰ ਸਮਾਗਮ ਅਤੇ ਰੈਣ ਸਬਾਈ ਕੀਰਤਨ ਅਰੰਭ। ਰਿਹਾਇਸ਼ ਤੇ ਲੰਗਰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ।

ਦਾਸਰੇ—ਅਖੰਡ ਕੀਰਤਨੀ ਜਥਾ, ਪਟਿਆਲਾ

## ਕੁਰਾਲੀ ਗੁ: ਹਰਿਗੋਬਿੰਦ ਗੜ੍ਹ ਸਾਹਿਬ (ਮੁਰਿੰਡਾ ਰੋਡ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੨੭.੨.੯੨ ਸਵੇਰੇ ਅਰੰਭ ਸ੍ਰੀ ਅਖੰਡ ਪਾਠ। ੨੯.੨.੯੨ ਸਵੇਰੇ ਸਮਾਪਤੀ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ੭ ਵਜੇ ਅੰਮ੍ਰਿਤ ਸੰਚਾਰ ਅਤੇ ਰੈਣ ਸਬਾਈ ਕੀਰਤਨ ਅਰੰਭ।

ਅਖੰਡ ਕੀਰਤਨੀ ਜਥਾ ਕੁਰਾਲੀ-ਰੋਪੜ

## ਮੋਗਾ, ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ (ਦੁਸਾਂਝ ਰੋਡ) ਵਿਖੇ ਸਾਲਾਨਾ ਸ਼ਹੀਦੀ ਸਮਾਗਮ

੨੭.੨.੯੨ ਸਵੇਰੇ ਸ੍ਰੀ ਅਖੰਡਪਾਠ ਅਰੰਭ ਭਾ ਨਿਧਾਨ ਸਿੰਘ ਦੇ ਗ੍ਰਿਹ, ੨੮.੨.੯੨ ਸਵੇਰੇ ੭ ਤੋਂ ੧੦ ਕੀਰਤਨ ਗੁਰ: ਬਾਬਾ ਮੱਲ ਸਿੰਘ, ਸ਼ਾਮ ੬ ਤੋਂ ੯ ਭਾ: ਦਰਸ਼ਨ ਸਿੰਘ ਦੇ ਗ੍ਰਿਹ, ੨੯.੨.੯੨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ ਗੁ:ਗੁਰੂ ਤੇਗ ਬਹਾਦਰ ਸਾਹਿਬ, ਸ਼ਾਮ ੭ ਵਜੇ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ। ਨਗਰ ਕੀਰਤਨ ੨੭.੨.੯੨ ਸਵੇਰੇ ੧੦ ਵਜੇ ਗੁ: ਗੁਰੂ ਤੇਗ ਬਹਾਦਰ ਸਾਹਿਬ ਤੋਂ ਅਰੰਭ ਹੋਵੇਗਾ।

ਅਖੰਡ ਕੀਰਤਨੀ ਜਥਾ ਮੋਗਾ

ਮਾਸਕ ਰੈਣ ਸਬਾਈ ਗੁ: ਸਾਹਿਬ ਪਿੰਡ ਬੁਢੇਵਾਲ (ਲੁਧਿਆਣਾ) ਵਿਖੇ ੮ ਫਰਵਰੀ ਰਾਤ ਨੂੰ
ਭੁਲੱਥ (ਕਪੂਰਥਲਾ) ਭਾ: ਕਰਮਜੀਤ ਸਿੰਘ ਪੰਡਰੀ ਰਾਜਪੂਤਾਂ, ੮ ਫਰਵਰੀ ਰੈਣ ਸਬਾਈ
ਭਾਗੋਵਾਲ (ਗੁਰਦਾਸਪੁਰ)ਭਾ:ਸੁਖਰਾਜ ਸਿੰਘ, ੮ ਫ਼ਰਵਰੀ ਭੋਗ ਅਖੰਡਪਾਠ ਕੀਰਤਨ,੯.੨.ਰੈਣਸਬਾਈ
ਬੜੋਏ (ਗੁਰਦਾਸਪੁਰ) ਬਿਧੀਪੁਰ ਫਾਟਕ ਮੂਲੀਆਂ ਵਾਲ ਲਾਗੇ ੧੫ ਫ਼ਰਵਰੀ ਰੈਣ ਸਬਾਈ ਕੀਰਤਨ
ਚੰਡੀਗੜ੍ਹ, ਭਾ: ਸਤਨਾਮ ਸਿੰਘ, ੨੪੫/੩੫ ਏ ੧੮ ਫਰਵਰੀ ਭੋਗ ਅਖੰਡਪਾਠ ਤੇ ਕੀਰਤਨ
ਜਾਂਗਲੀਵਾਲ ਨੇੜੇ ਭਾਮ (ਹੁਸ਼ਿਆਰਪੁਰ) ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਸਮਾਗਮ
੨੯ ਫ਼ਰਵਰੀ ਸਵੇਰੇ ਭੋਗ ਅਖੰਡਪਾਠ, ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ
ਚੋਲਟਾ ਕਲਾਂ (ਨੇੜੇ ਖਰੜ) ਭਾ: ਗਿਆਨ ਸਿੰਘ ਦੇ ਗ੍ਰਿਹ ੨੯ ਫ਼ਰਵਰੀ ਰੈਣ ਸਬਾਈ ਕੀਰਤਨ
ਤੁਸ਼ਿਕਾ(ਅੰਮ੍ਰਿਤਸਰ) ਭਾ:ਵਿਰਸਾਸਿੰਘ ਦੇ ਗ੍ਰਿਹ ਭੋਗ ਅਖੰਡਪਾਠ ਤੇ ਕੀਰਤਨ ਦੁਪਹਿਰ ਤਕ ੨੯ ਫ਼ਰ:
ਸੈਦੋ ਲੇਹਲ (ਅੰਮ੍ਰਿਤਸਰ) ਭਾ: ਰਣਜੀਤ ਸਿੰਘ ਪਟਵਾਰੀ ਦੇ ਗ੍ਰਿਹ ਰੈਣ ਸਬਾਈ ੨੯ ਫ਼ਰਵਰੀ
ਧੰਧੋਈ (ਗੁਰਦਾਸਪੁਰ) ਮਾ: ਹਿੰਮਤ ਸਿੰਘ ਦੇ ਗ੍ਰਿਹ (ਸਕੂਲ ਅਡੇ ਲਾਗੇ) ੨੯ ਫ਼ਰਵਰੀ ਰੈਣ ਸਬਾਈ
ਬਾਜ ਖ਼ਾਨਾ(ਫ਼ਰੀਦਕੋਟ)ਭਾ:ਕਿਰਪਾਲਸਿੰਘ ਲਾਈਨਮੈਨ, ੭ ਮਾਰਚ ਭੋਗ ਅਖੰਡਪਾਠ,ਕੀ: ਰੈਣ ਸਬਾਈ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰੋਗਰਾਮ

1. ਕੀਰਤਨ ਰੈਣ ਸਬਾਈ 22.2.92 ਗੁਰਦਵਾਰਾ ਰਾਮਗੜ੍ਹੀਆ ਸਭਾ, 113-ਫ਼ੋਲਜ਼ ਹਿਲ ਰੋਡ, ਕੋਵੈਨਟਰੀ ਫ਼ੋਨ ਗੁਰਦਵਾਰਾ 0203-663048, ਸਕਤ੍ਰ ਭਾ: ਹਰਭਜਨ ਸਿੰਘ 0203-687331, ਭਾ: ਮਹਿੰਦਰ ਸਿੰਘ 0203-665293
2. (ਲੋਕਲ)ਸ੍ਰੀ ਅਖੰਡਪਾਠ 28.2 ਤੋਂ 1.3.92, ਭਾ:ਜੋਗਿੰਦਰ ਸਿੰਘ ਵਲੋਂ ਗੁਰਦਵਾਰਾ ਸਿਖ ਟੈਂਪਲ 96-98 ਨਿਊਸਟਰੀਟ, ਲਮਿੰਗਟਨ-ਸਪਾ ਵਿਖੇ। ਫ਼ੋਨ ਗੁਰ: 0926-424297, ਭਾ: ਜੋਗਿੰਦਰ ਸਿੰਘ 0926-446098, 0926-330008

ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ (ਫ਼ੋਨ 0734-67900)

*Bhai Gurnam Singh, 10-Lambourne Gardens, **Earley**, Reading, Berks. U.K.*

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ. ਪੀ. 43045)

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org